SWITCH INSURANCE
AUTO, HOME & COMMERCIAL
- Commercial Vehicle Insurance
- Commercial Property Insurance
- Commercial General Liability (CGL)
- Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
*Award winning news paper* | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi
B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit **punjabipost.ca/epaper** | **Vol 23* Issue 228** | **Monday, 16 December 2024** | **Tel: 905-793-2202 | Fax: 905-793-2282 | news@punjabipost.ca** | ਤੁਸੀਂ 'ਪੰਜਾਬੀ ਪੋਸਟ' ***Online***ਰੋਜ਼ਾਨਾ ਪੜ੍ਹ ਸਕਦੇ ਹੋ

MagGas Medical
Brampton
MGM
MAGGAS MEDICAL INC.
Helping you breathe deep and rest easy.
- CPAP ਮਸ਼ੀਨਾਂ, ਮਾਸਕ ਅਤੇ ਸਪਲਾਈ
- ਮੁਫ਼ਤ ਸਲਾਹ
(647) 954-9885
20 Maritime Ont Blvd
Unit 15
Brampton, ON L6S 0C2

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Cockroaches
- Spiders & Fleas
- Carpenter Ants
- Bedbugs
- Silver Fish
- Wasps
- Racoons
Call : PARESH PATEL
(Government Approved Licensed Technician)
416 938 4598

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

## ਬਰੈਂਪਟਨ, ਮਿਸੀਸਾਗਾ ਵਿੱਚ ਵਿਰੋਧ ਪ੍ਰਦਰਸ਼ਨਾਂ ਵਿੱਚ ਹਿੰਸਾ ਨਾਲ ਜੁੜੇ 11 ਸ਼ੱਕੀਆਂ ਦੀ ਪੁਲਿਸ ਕਰ ਰਹੀ ਭਾਲ

ਟੋਰਾਂਟੋ, 15 ਦੰਬਰ (ਪੋਸਟ ਬਿਊਰੋ): ਪੀਲ ਖੇਤਰ ਵਿੱਚ ਪੁਲਿਸ 11 ਸ਼ੱਕੀ ਆਦਮੀਆਂ ਦੀ ਪਹਿਚਾਣ ਕਰਨ ਲਈ ਕੰਮ ਕਰ ਰਹੀ ਹੈ, ਜੋ ਪਿਛਲੇ ਮਹੀਨੇ ਬਰੈਂਪਟਨ ਅਤੇ ਮਿਸੀਸਾਗਾ ਵਿੱਚ ਵਿਰੋਧ ਪ੍ਰਦਰਸ਼ਨਾਂ ਦੌਰਾਨ ਭੜਕੀ ਹਿੰਸਾ ਵਿੱਚ ਸ਼ਾਮਿਲ ਸਨ।

ਸ਼ਨੀਵਾਰ ਨੂੰ ਪੁਲਿਸ ਨੇ ਕਈ ਸ਼ੱਕੀਆਂ ਦੀਆਂ ਤਸਵੀਰਾਂ ਜਾਰੀ ਕੀਤੀਆਂ, ਜੋ ਕਥਿਤ ਤੌਰ 'ਤੇ ਹਮਲਾ ਕਰਨ ਅਤੇ ਹਥਿਆਰਾਂ ਨਾਕ ਹਮਲਾ ਕਰਨ ਸਮੇਤ ਅਲਇਗ-ਅਲੱਗ ਅਪਰਾਧਾਂ ਲਈ ਜ਼ਿੰਮੇਦਾਰ ਹਨ।

ਜਾਣਕਾਰੀ ਅਨੁਸਾਰ ਇਹ ਵਿਰੋਧ ਪ੍ਰਦਰਸ਼ਨ ਕਈ ਪ੍ਰਦਰਸ਼ਨਾਂ ਦਾ ਹਿੱਸਾ ਸਨ, ਜਿਸ ਵਿੱਚ ਬਰੈਂਪਟਨ ਵਿੱਚ ਇੱਕ ਹਿੰਦੂ ਸਭਾ ਮੰਦਰ ਵਿੱਚ ਇੱਕ ਪ੍ਰਦਰਸ਼ਨ ਵੀ ਸ਼ਾਮਿਲ ਸੀ, ਜਿੱਥੇ ਪ੍ਰਦਰਸ਼ਨਕਾਰੀਆਂ ਨੂੰ ਖਾਲਿਸਤਾਨੀ ਝੰਡੇ ਲਹਿਰਾਉਂਦੇ ਅਤੇ ਦੂਸਰਿਆਂ 'ਤੇ ਡਾਂਗਾਂ ਨਾਲ ਹਮਲਾ ਕਰਦੇ ਹੋਏ ਵੇਖਿਆ ਗਿਆ ਸੀ।



ਉਸੇ ਰਾਤ ਬਾਅਦ ਵਿੱਚ ਮਿਸੀਸਾਗਾ ਵਿੱਚ ਦੋ ਵੱਖ-ਵੱਖ ਸਥਾਨਾਂ, ਸ੍ਰੀ ਗੁਰੂ ਸਿੰਘ ਸਭਾ ਅਤੇ ਵੇਸਟਵੁਡ ਮਾਲ ਵਿੱਚ ਦੋ ਹੋਰ ਪ੍ਰਦਰਸ਼ਨ ਸ਼ੁਰੂ ਹੋਏ। ਪੁਲਿਸ ਨੇ ਇਨ੍ਹਾਂ ਵਿਰੋਧ ਪ੍ਰਦਰਸ਼ਨਾਂ ਦੇ ਸਥਾਨਾਂ 'ਤੇ ਹਥਿਆਰਾਂ ਦੀ ਸੂਚਨਾ ਦਿੱਤੀ ਸੀ ਅਤੇ ਇਲਾਕੇ ਵਿੱਚ ਦਰਜਨਾਂ ਅਧਿਕਾਰੀ ਵੇਖੇ ਗਏ ਸਨ।

## 18 ਹਜ਼ਾਰ ਭਾਰਤੀਆਂ ਨੂੰ ਅਮਰੀਕਾ 'ਚੋਂ ਕੱਢਣ ਦੀ ਤਿਆਰੀ 'ਚ ਟਰੰਪ

ਵਾਸ਼ਿੰਗਟਨ, 15 ਦਸੰਬਰ (ਪੋਸਟ ਬਿਊਰੋ): ਡੋਨਾਲਡ ਟਰੰਪ ਦੇ ਅਮਰੀਕਾ ਦੇ ਰਾਸ਼ਟਰਪਤੀ ਬਣਦੇ ਹੀ ਭਾਰਤੀ ਪ੍ਰਵਾਸੀਆਂ ਦੀਆਂ ਮੁਸ਼ਕਿਲਾਂ ਵਧ ਸਕਦੀਆਂ ਹਨ। ਉਥੋਂ ਕਰੀਬ 18 ਹਜ਼ਾਰ ਭਾਰਤੀਆਂ ਨੂੰ ਕੱਢਿਆ ਜਾ ਸਕਦਾ ਹੈ। ਇਹ ਸਾਰੇ ਲੋਕ ਗੈਰ-ਕਾਨੂੰਨੀ ਪਰਵਾਸੀ ਹਨ, ਜਿਨ੍ਹਾਂ ਕੋਲ ਅਮਰੀਕਾ ਦੀ ਨਾਗਰਿਕਤਾ ਨਹੀਂ ਹੈ ਅਤੇ ਉਨ੍ਹਾਂ ਕੋਲ ਉੱਥੋਂ ਦੀ ਨਾਗਰਿਕਤਾ ਹਾਸਿਲ ਕਰਨ ਲਈ ਸਹੀ ਕਾਗਜ਼ਾਤ ਨਹੀਂ ਹਨ।

ਦਰਅਸਲ, ਅਮਰੀਕਾ ਵਿਚ ਗੈਰ-ਕਾਨੂੰਨੀ ਪ੍ਰਵਾਸੀਆਂ ਨਾਲ ਨਜਿੱਠਣ ਵਾਲੀ ਸਰਕਾਰੀ ਏਜੰਸੀ (ਆਈ. ਸੀ. ਈ.) ਨੇ ਲਗਭਗ 15 ਲੱਖ ਲੋਕਾਂ ਦੀ ਸੂਚੀ ਬਣਾਈ ਹੈ ਜੋ ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਵਿਚ ਰਹਿ ਰਹੇ ਹਨ। ਇਸ ਸੂਚੀ ਵਿੱਚ 18 ਹਜ਼ਾਰ ਭਾਰਤੀ ਵੀ ਸ਼ਾਮਿਲ ਹਨ। ਡੋਨਾਲਡ ਟਰੰਪ ਨੇ ਕਿਹਾ ਹੈ ਕਿ ਜਿਵੇਂ ਹੀ ਉਹ ਅਹੁਦੇ ਦੀ ਸਹੁੰ ਚੁੱਕਣਗੇ, ਸਭ ਤੋਂ ਪਹਿਲਾਂ ਉਹ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਬਾਹਰ ਕੱਢਣਗੇ।



ਇਸ ਮਾਮਲੇ ਵਿੱਚ ਆਈਸੀਈ ਨੇ ਕਿਹਾ ਕਿ ਗੈਰ-ਦਸਤਾਵੇਜ਼ੀ ਪ੍ਰਵਾਸੀਆਂ ਨੂੰ ਦੇਸ਼ ਤੋਂ ਬਾਹਰ ਭੇਜਣਾ ਟਰੰਪ ਦੇ ਸੀਮਾ ਸੁਰੱਖਿਆ ਏਜੰਡੇ ਦਾ ਹਿੱਸਾ ਹੈ।

ਇਕ ਪਾਸੇ ਅਮਰੀਕਾ 18 ਹਜ਼ਾਰ ਭਾਰਤੀਆਂ ਨੂੰ ਕੱਢਣ ਦੀ ਤਿਆਰੀ ਕਰ ਰਿਹਾ ਹੈ। ਇਸ ਦੇ ਨਾਲ ਹੀ ਅਮਰੀਕੀ ਸਰਕਾਰ ਨੇ ਇਕ ਸੂਚੀ ਜਾਰੀ ਕਰਕੇ ਭਾਰਤ 'ਤੇ ਗੈਰ ਮਦਦਗਾਰ ਦਾ ਦੋਸ਼ ਲਗਾਇਆ ਹੈ। ਇਸ ਸੂਚੀ ਵਿੱਚ ਉਨ੍ਹਾਂ ਦੇਸ਼ਾਂ ਨੂੰ ਰੱਖਿਆ ਗਿਆ ਹੈ ਜੋ ਆਪਣੇ ਦੇਸ਼ ਤੋਂ ਅਮਰੀਕਾ ਗਏ ਲੋਕਾਂ ਨੂੰ ਵਾਪਿਸ ਲਿਆਉਣ ਵਿੱਚ ਸਹਿਯੋਗ ਨਹੀਂ ਕਰ ਰਹੇ ਹਨ।

ਅਮਰੀਕੀ ਏਜੰਸੀ ਆਈਸੀਈ ਨੇ ਦੇਸ਼ ਨਿਕਾਲੇ ਦੀ ਪ੍ਰਕਿਰਿਆ ਵਿੱਚ ਮਦਦ ਨਾ ਕਰਨ ਵਾਲੇ 15 ਦੇਸ਼ਾਂ ਦੀ ਸੂਚੀ ਬਣਾਈ ਹੈ ਅਤੇ ਉਨ੍ਹਾਂ ਨੂੰ 'ਗੈਰ-ਮਦਦਗਾਰ' ਦੱਸਿਆ ਹੈ। ਇਨ੍ਹਾਂ ਵਿਚ ਭਾਰਤ ਦਾ ਨਾਂ ਵੀ ਸ਼ਾਮਿਲ ਹੈ। ਸੂਚੀ ਵਿੱਚ ਉਨ੍ਹਾਂ ਦੇਸ਼ਾਂ ਦੇ ਨਾਮ ਹਨ ਜੋ ਆਪਣੇ ਨਾਗਰਿਕਾਂ ਦੀ ਵਾਪਸੀ ਨੂੰ ਰੱਦ ਕਰਦੇ ਹਨ ਅਤੇ ਦੇਸ਼ ਨਿਕਾਲੇ ਵਿੱਚ ਸਹਿਯੋਗ ਨਹੀਂ ਕਰਦੇ ਹਨ।

## ਟੋਰਾਂਟੋ ਦੇ ਪੱਛਮੀ ਏਂਡ 'ਤੇ ਵਾਹਨ ਦੀ ਟੱਕਰ ਨਾਲ ਬੱਚਾ ਗੰਭੀਰ ਜ਼ਖ਼ਮੀ

ਟੋਰਾਂਟੋ, 15 ਦੰਬਰ (ਪੋਸਟ ਬਿਊਰੋ): ਐਤਵਾਰ ਦੁਪਹਿਰ ਟੋਰਾਂਟੋ ਦੇ ਪੱਛਮੀ ਇਲਾਕੇ ਵਿੱਚ ਇੱਕ ਵਾਹਨ ਦੇ ਚਾਲਕ ਵੱਲੋਂ ਟੱਕਰ ਮਾਰੇ ਜਾਣ ਤੋਂ ਬਾਅਦ ਇੱਕ ਬੱਚੇ ਨੂੰ ਹਸਪਤਾਲ ਲਿਜਾਇਆ ਗਿਆ ।

ਟੱਕਰ ਲਾਰੈਂਸ ਏਵੇਨਿਊ ਵੇਸਟ ਦੇ ਦੱਖਣ ਵਿੱਚ ਵੇਸਟਨ ਰੋਡ ਅਤੇ ਰਾਈਟ ਏਵੇਨਿਊ ਦੇ ਕੋਲ ਹੋਈ। ਟੋਰਾਂਟੋ ਪੁਲਿਸ ਨੇ ਕਿਹਾ ਕਿ ਉਨ੍ਹਾਂ ਨੂੰ ਸ਼ਾਮ 4 ਵਜੇ ਉਸ ਇਲਾਕੇ ਵਿੱਚ ਇੱਕ ਬੱਚੇ ਨੂੰ ਵਾਹਨ ਨਾਲ ਟੱਕਰ ਮਾਰੇ ਜਾਣ ਦੀ ਸੂਚਨਾ ਲਈ ਬੁਲਾਇਆ ਗਿਆ ਸੀ। ਪੁਲਿਸ ਨੇ ਕਿਹਾ ਕਿ ਚਾਲਕ ਘਟਨਾ ਸਥਲ 'ਤੇ ਹੀ ਰਿਹਾ।

ਪੈਰਾਮੇਡਿਕਸ ਨੇ ਦੱਸਿਆ ਕਿ ਬੱਚੇ ਦੀ ਉਮਰ ਅਤੇ ਲਿੰਗ ਦਾ ਖੁਲਾਸਾ ਨਹੀਂ ਕੀਤਾ ਗਿਆ ਹੈ, ਉਸਨੂ ਗੰਭੀਰ ਸੱਟਾਂ ਨਾਲ ਟਰਾਮਾ ਸੈਂਟਰ ਲਿਜਾਇਆ ਗਿਆ।



ਪੁਲਿਸ ਦੁਆਰਾ ਜਾਂਚ ਦੌਰਾਨ ਵੇਸਟਨ ਦੇ ਇੱਕ ਹਿੱਸੇ ਨੂੰ ਬੰਦ ਕਰ ਦਿੱਤਾ ਗਿਆ ਸੀ ਪਰ ਬਾਅਦ ਵਿੱਚ ਇਸਨੂੰ ਫਿਰ ਤੋਂ ਖੋਲ੍ਹ ਦਿੱਤਾ ਗਿਆ।

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ



## ਅੱਜ ਨਾਮਾ

ਆਂਢ-ਗਵਾਂਢ ਦੇ ਮੁਲਕਾਂ ਵਿੱਚ ਸੁੱਖ ਨਾਹੀਂ,
ਸੋਹਣੀ ਖਬਰ ਨਹੀਂ ਕਦੀ ਵੀ ਆਏ ਬੇਲੀ।
ਮਾਰਨ-ਸਾੜਨ ਦਾ ਚੱਕਰ ਹੀ ਪਿਆ ਚੱਲੇ,
ਹੋਏ ਆ ਖ਼ੂਨ ਲਈ ਲੋਕ ਤਿਰਹਾਏ ਬੇਲੀ।
ਲੜਾਉਂਦੇ ਲੀਡਰ ਨੇ ਚੁੱਕਣਾ ਆਪ ਦੇ ਕੇ,
ਕੌਣ ਫਿਰ ਲੜਦਿਆਂ ਆਣ ਹਟਾਏ ਬੇਲੀ।
ਮਾਮਲਾ ਓਥੋਂ ਦਾ, ਓਥੋਂ ਤੱਕ ਰਹੇ ਨਾਹੀਂ,
ਭਾਰਤ ਉੱਪਰਪ੍ਰਛਾਵਾਂਇਹ ਪਾਏ ਬੇਲੀ।
ਏਧਰ ਭਾਰਤ ਵਿੱਚਓਦਾਂ ਹੀ ਕਈ ਆਗੂ,
ਨਿੱਤ ਦਿਨ ਭਿੜਨ ਦਾ ਮੰਚ ਬਣਾਂਵਦੇ ਈ।
ਮਰਿਆ ਖੁਦ ਨਹੀਂ ਵੇਖਿਆ ਕਦੇ ਲੀਡਰ,
ਰਹਿੰਦੇ ਨੇ ਪਿੱਛੇ ਤੇ ਲੋਕ ਮਰਵਾਂਵਦੇ ਈ।

**ਤੀਸ ਮਾਰ ਖਾਂ**

## ਕਤਲ ਦੀਆਂ ਘਟਨਾਵਾਂ ਦੇ ਚਲਦੇ ਭਾਰਤ ਨੇ ਭਾਰਤੀ ਨਾਗਰਿਕਾਂ ਤੇ ਵਿਦਿਆਰਥੀਆਂ ਨੂੰ ਚੌਕਸ ਰਹਿਣ ਦੀ ਦਿੱਤੀ ਸਲਾਹ

ਨਵੀਂ ਦਿੱਲੀ, 15 ਦਸੰਬਰ (ਪੋਸਟ ਬਿਊਰੋ): ਕੈਨੇਡਾ ਵਿਚ ਕਤਲ ਦੀਆਂ ਘਟਨਾਵਾਂ ਦੇ ਚਲਦੇ ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਇਕ ਐਡਵਾਈਜ਼ਰੀ ਵਿਚ ਕੈਨੇਡਾ ਰਹਿੰਦੇ ਭਾਰਤੀ ਨਾਗਰਿਕਾਂ ਤੇ ਵਿਦਿਆਰਥੀਆਂ ਨੂੰ ਵਧੇਰੇ ਚੌਕਸ ਰਹਿਣ ਦੀ ਸਲਾਹ ਦਿੱਤੀ ਹੈ।



ਮੰਤਰਾਲੇ ਨੇ ਕਿਹਾ ਕਿ ਕੈਨੇਡਾ ਵਿਚ ਨਫ਼ਰਤੀ ਅਪਰਾਧ ਤੇ ਅਪਰਾਧਿਕ ਹਿੰਸਾ ਦੀਆਂ ਵਧਦੀਆਂ ਘਟਨਾਵਾਂ ਕਰਕੇ ਨਿੱਘਰਦੇ ਸੁਰੱਖਿਆ ਹਾਲਾਤ ਦੇ ਮੱਦੇਨਜ਼ਰ ਭਾਰਤੀ ਨਾਗਰਿਕ ਤੇ ਵਿਦਿਆਰਥੀ ਚੌਕਸ ਰਹਿਣ।

ਅਧਿਕਾਰਤ ਅੰਕੜਿਆਂ ਮੁਤਾਬਕ ਕੈਨੇਡਾ ਵਿਚ ਇਸ ਵੇਲੇ 4 ਲੱਖ ਤੋਂ ਵੱਧ ਭਾਰਤੀ ਵਿਦਿਆਰਥੀ ਪੜ੍ਹਾਈ ਕਰ ਰਹੇ ਹਨ। ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਪਿਛਲੇ ਹਫ਼ਤੇ ਕੈਨੇਡਾ ਵਿਚ ਤਿੰਨ ਭਾਰਤੀ ਵਿਦਿਆਰਥੀਆਂ ਦੀ ਹੱਤਿਆ ਮਗਰੋਂ ਓਟਵਾ ਵਿਚ ਭਾਰਤੀ ਹਾਈਕਮਿਸ਼ਨ ਨੇ ਕੈਨੇਡੀਅਨ ਅਥਾਰਿਟੀਜ਼ ਕੋਲ ਭਾਰਤੀਆਂ ਦੀ ਸੁਰੱਖਿਆ ਦਾ ਮੁੱਦਾ ਰੱਖਿਆ ਹੈ।

ਵਿਦੇਸ਼ ਮੰਤਰਾਲੇ ਦੇ ਤਰਜਮਾਨ ਰਣਧੀਰ ਜੈਸਵਾਲ ਨੇ ਕਿਹਾ ਕਿ ਉਨ੍ਹਾਂ ਲਈ ਕੈਨੇਡਾ ਵਿਚ ਭਾਰਤੀ ਨਾਗਰਿਕਾਂ ਦੀ ਸੁਰੱਖਿਆ ਤੇ ਭਲਾਈ ਸਭ ਤੋਂ ਉਪੱਰ ਹੈ। ਜੈਸਵਾਲ ਨੇ ਕਿਹਾ ਕਿ ਪਿਛਲੇ ਹਫ਼ਤੇ ਤਿੰਨ ਮੰਦਭਾਗੀਆਂ ਘਟਨਾਵਾਂ ਵਾਪਰੀਆਂ। ਤਿੰਨ ਭਾਰਤੀ ਵਿਦਿਆਰਥੀ ਕਤਲ ਕਰ ਦਿੱਤੇ ਗਏ। ਅਸੀਂ ਇਸ ਭਿਆਨਕ ਦੁਖਾਂਤ ਤੋਂ ਗ਼ਮਗੀਨ ਹਾਂ ਜਦੋਂ ਕੈਨੇਡਾ ਵਿਚ ਸਾਡੇ ਨਾਗਰਿਕਾਂ ਨੂੰ ਨਿਸ਼ਾਨਾ ਬਣਾਇਆ ਗਿਆ।

ਤਰਜਮਾਨ ਨੇ ਕਿਹਾ ਕਿ ਅਸੀਂ ਪੀੜਤ ਪਰਿਵਾਰਾਂ ਨਾਲ ਸੰਵੇਦਨਾਵਾਂ ਜ਼ਾਹਿਰ ਕਰਦੇ ਹਾਂ। ਟੋਰਾਂਟੋ ਤੇ ਵੈਨਕੂਵਰ ਵਿਚਲੇ ਸਾਡੇ ਹਾਈ ਕਮਿਸ਼ਨ ਤੇ ਕੌਂਸਲੇਟ ਇਸ ਮਾਮਲੇ ਵਿਚ ਹਰ ਸੰਭਵ ਮਦਦ ਕਰ ਰਹੇ ਹਨ। ਜੈਸਵਾਲ ਨੇ ਕਿਹਾ ਕਿ ਕੈਨੇਡਾ ਵਿਚ ਭਾਰਤੀ ਮਿਸ਼ਨ ਇਨ੍ਹਾਂ ਮਾਮਲਿਆਂ ਦੀ ਮੁਕੰਮਲ ਜਾਂਚ ਲਈ ਸਥਾਨਕ ਅਥਾਰਿਟੀਜ਼ ਦੇ ਸੰਪਰਕ ਵਿਚ ਹਨ।

## ਅਮਰੀਕਾ ਵਿਚ 'ਟਿਕ-ਟਾਕ' 'ਤੇ ਪਾਬੰਦੀ ਲਾਉਣ ਦੀ ਤਿਆਰੀ

ਵਾਸ਼ਿੰਗਟਨ, 15 ਦਸੰਬਰ (ਪੋਸਟ ਬਿਊਰੋ): ਅਮਰੀਕਾ ਨੇ ਚੀਨ ਨੂੰ ਵੱਡਾ ਝਟਕਾ ਦਿੰਦੇ ਹੋਏ ਚੀਨੀ ਐਪ 'ਟਿਕ-ਟਾਕ' 'ਤੇ ਪਾਬੰਦੀ ਲਗਾਉਣ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਮੁਤਾਬਕ ਭਾਰਤੀ-ਅਮਰੀਕੀ ਰਾਜਾ ਕ੍ਰਿਸ਼ਨਾਮੂਰਤੀ ਸਮੇਤ ਦੋ ਪ੍ਰਭਾਵਸ਼ਾਲੀ ਅਮਰੀਕੀ ਸੰਸਦ ਮੈਂਬਰਾਂ ਨੇ 'ਗੂਗਲ' ਅਤੇ 'ਐਪਲ' ਨੂੰ ਪੱਤਰ ਲਿਖ ਕੇ ਆਪਣੇ ਐਪ ਸਟੋਰਾਂ ਤੋਂ 'ਟਿਕ-ਟਾਕ' ਨੂੰ ਹਟਾਉਣ ਲਈ ਕਿਹਾ ਹੈ।




ਅਪ੍ਰੈਲ ਵਿੱਚ ਰਾਸ਼ਟਰਪਤੀ ਜੋਅ ਬਾਇਡਨ ਦੁਆਰਾ ਹਸਤਾਖ਼ਰ ਕੀਤੇ ਗਏ ਇੱਕ ਬਿਲ ਅਨੁਸਾਰ, ਚੀਨ ਦੀ ਬਾਈਟਡਾਂਸ ਕੰਪਨੀ, ਜੋ ਕਿ ਦੀ ਮਾਲਕ ਹੈ, ਨੂੰ 19 ਜਨਵਰੀ ਤੱਕ ਤੋਂ ਵੱਖ ਹੋਣਾ ਪਵੇਗਾ, ਨਹੀਂ ਤਾਂ ਉਸਨੂੰ ਅਮਰੀਕੀ ਪਾਬੰਦੀਆਂ ਦਾ ਸਾਹਮਣਾ ਕਰਨਾ ਪਵੇਗਾ। ਚੀਨ 'ਤੇ ਪ੍ਰਤੀਨਿਧੀ ਸਭਾ ਦੀ ਸਥਾਈ ਕਮੇਟੀ (ਸੀਸੀਪੀ) ਦੇ ਚੇਅਰਮੈਨ ਜੌਨ ਮੂਲਨਾਰ ਅਤੇ ਸੀਨੀਅਰ ਮੈਂਬਰ ਕ੍ਰਿਸ਼ਨਾਮੂਰਤੀ ਨੇ ਸ਼ੁੱਕਰਵਾਰ ਨੂੰ ਐਪਲ ਦੇ ਮੁੱਖ ਕਾਰਜਕਾਰੀ ਅਧਿਕਾਰੀ (ਸੀਈਓ) ਟਿਮ ਕੁੱਕ, ਗੂਗਲ ਦੇ ਸੀਈਓ ਸੁੰਦਰ ਪਿਚਾਈ ਅਤੇ ਟਿੱਕ-ਟਾਕ ਦੇ ਸੀਈਓ ਸ਼ੋ ਜੀ ਚਿਊ ਨੂੰ ਇੱਕ ਪੱਤਰ ਲਿਖਿਆ।

ਸੰਸਦ ਮੈਂਬਰਾਂ ਨੇ ਕੁੱਕ ਅਤੇ ਪਿਚਾਈ ਨੂੰ 19 ਜਨਵਰੀ ਤੱਕ ਆਪਣੇ ਪਲੇ ਸਟੋਰ ਤੋਂ ਟਿਕਟੋਕ ਨੂੰ ਹਟਾਉਣ ਲਈ ਤਿਆਰ ਰਹਿਣ ਲਈ ਕਿਹਾ। 'ਟਿਕ-ਟਾਕ' ਦੇ ਸੀਈਓ ਨੂੰ ਆਪਣੇ ਪੱਤਰ ਵਿੱਚ, ਉਨ੍ਹਾਂ ਨੇ ਚਿਊ ਨੂੰ ਤੁਰੰਤ ਇੱਕ ਵਿਨਿਵੇਸ਼ ਪ੍ਰਸਤਾਵ ਪੇਸ਼ ਕਰਨ ਲਈ ਕਿਹਾ ਜਿਸਨੂੰ ਉਹ ਸਵੀਕਾਰ ਕਰ ਸਕਦਾ ਹੈ। ਯੂਐਸ ਦੇ ਸੰਸਦ ਮੈਂਬਰਾਂ ਦਾ ਇਹ ਬਿਆਨ ਉਦੋਂ ਆਇਆ ਹੈ ਜਦੋਂ ਇੱਕ ਸੰਘੀ ਅਪੀਲ ਅਦਾਲਤ ਨੇ ਕਾਂਗਰਸ ਦੁਆਰਾ ਪਾਸ ਕੀਤੇ ਗਏ ਇੱਕ ਕਾਨੂੰਨ ਵਿੱਚ ਦਖ਼ਲ ਦੇਣ ਤੋਂ ਇਨਕਾਰ ਕਰ ਦਿੱਤਾ ਹੈ ਜਿਸ ਵਿੱਚ ਟਿੱਕਟੋਕ ਨੂੰ ਜਨਵਰੀ ਦੇ ਅੱਧ ਤੱਕ ਆਪਣੇ ਯੂਐੱਸ ਕਾਰੋਬਾਰ ਨੂੰ ਸਥਾਨਕ ਕੰਪਨੀ ਨੂੰ ਵੇਚਣ ਜਾਂ ਪਾਬੰਦੀ ਦਾ ਸਾਹ-ਮਣਾ ਕਰਨਾ ਪਏਗਾ।

ਕੰਪਨੀ ਨੇ ਅਮਰੀਕੀ ਸਰਕਾਰ ਦੇ ਫ਼ੈਸਲੇ ਨੂੰ ਚੁਣੌਤੀ ਦਿੱਤੀ ਸੀ ਅਤੇ ਸੁਪਰੀਮ ਕੋਰਟ ਦੇ ਅੰਤਿਮ ਫ਼ੈਸਲੇ ਤੱਕ ਫ਼ੈਸਲੇ ਨੂੰ ਲਾਗੂ ਕਰਨ ਤੋਂ ਰੋਕਣ ਦੀ ਬੇਨਤੀ ਕੀਤੀ ਸੀ, ਜਿਸ ਨੂੰ ਸੰਘੀ ਅਪੀਲੀ ਅਦਾਲਤ ਨੇ ਰੱਦ ਕਰ ਦਿੱਤਾ ਸੀ।

## ਸਵਿਟਜ਼ਰਲੈਂਡ ਨੇ ਭਾਰਤ ਦਾ ਸੱਭ ਤੋਂ ਤਰਜੀਹੀ ਦੇਸ਼ ਦਾ ਦਰਜਾ ਵਾਪਿਸ ਲਿਆ

ਨਵੀਂ ਦਿੱਲੀ, 14 ਦਸੰਬਰ (ਪੋਸਟ ਬਿਊਰੋ): ਸਵਿਟਜ਼ਰਲੈਂਡ ਨੇ ਨੈਸਲੇ ਵਿਰੁਧ ਅਦਾਲਤ ਦੇ ਫੈਸਲੇ ਤੋਂ ਬਾਅਦ ਭਾਰਤ ਨੂੰ ਦਿੱਤਾ ਗਿਆ ਸਭ ਤੋਂ ਤਰਜੀਹੀ ਦੇਸ਼ (ਐੱਮ.ਐੱਫ਼.ਐੱਨ.) ਦਾ ਦਰਜਾ ਵਾਪਿਸ ਲੈ ਲਿਆ ਹੈ। ਇਸ ਕਦਮ ਨਾਲ ਸਵਿਟਜ਼ਰਲੈਂਡ 'ਚ ਕੰਮ ਕਰ ਰਹੀਆਂ ਭਾਰਤੀ ਯੂਨਿਟਾਂ 'ਤੇ ਮਾੜਾ ਟੈਕਸ ਪ੍ਰਭਾਵ ਪਵੇਗਾ।




ਭਾਰਤੀ ਕੰਪਨੀਆਂ ਨੂੰ 1 ਜਨਵਰੀ, 2025 ਤੋਂ ਸਵਿਟਜ਼ਰਲੈਂਡ 'ਚ ਕਮਾਈ ਗਈ ਆਮਦਨ 'ਤੇ ਵਧੇਰੇ ਟੈਕਸ ਕਟੌਤੀਆਂ ਦਾ ਸਾਹਮਣਾ ਕਰਨਾ ਪਵੇਗਾ। ਸਵਿਟਜ਼ਰਲੈਂਡ ਨੇ ਇਕ ਬਿਆਨ ਵਿਚ ਸਵਿਸ ਕਨਫੈਡਰੇਸ਼ਨ ਅਤੇ ਭਾਰਤ ਵਿਚਾਲੇ ਹੋਏ ਸਮਝੌਤੇ ਵਿਚ ਐੱਮ.ਐੱਫ.ਐੱਨ. ਧਾਰਾ ਦੀ ਵਿਵਸਥਾ ਨੂੰ ਮੁਅੱਤਲ ਕਰਨ ਦਾ ਐਲਾਨ ਕੀਤਾ ਹੈ।

## ਮਨੀਪੁਰ 'ਚ ਬਿਹਾਰ ਦੇ 2 ਮਜ਼ਦੂਰਾਂ ਦਾ ਗੋਲੀ ਮਾਰ ਕੇ ਕਤਲ

ਇੰਫਾਲ, 15 ਦਸੰਬਰ (ਪੋਸਟ ਬਿਊਰੋ): ਪੁਲਿਸ ਨੇ ਦੱਸਿਆ ਕਿ ਸ਼ਨੀਵਾਰ ਸ਼ਾਮ ਕਰੀਬ 5:20 ਵਜੇ ਕੰਮ ਤੋਂ ਬਾਅਦ ਸਾਈਕਲ 'ਤੇ ਘਰ ਪਰਤ ਰਹੇ ਦੋ ਮਜ਼ਦੂਰਾਂ ਨੂੰ ਕਾਕਚਿੰਗ-ਵਾਬਗਈ ਰੋਡ 'ਤੇ ਕੇਰਕ 'ਚ ਪੰਚਾਇਤ ਦਫਤਰ ਨੇੜੇ ਗੋਲੀ ਮਾਰ ਦਿੱਤੀ ਗਈ।



ਸੂਚਨਾ ਮਿਲਣ 'ਤੇ ਪੁਲਸ ਉਨ੍ਹਾਂ ਨੂੰ ਹਸਪਤਾਲ ਲੈ ਗਈ ਪਰ ਡਾਕਟਰਾਂ ਨੇ ਦੋਨਾਂ ਨੂੰ ਮ੍ਰਿਤਕ ਐਲਾਨ ਦਿੱਤਾ। ਮਜ਼ਦੂਰਾਂ ਦੀ ਪਛਾਣ ਸੁਨਾਲਾਲ ਕੁਮਾਰ (18) ਅਤੇ ਦਸ਼ਰਥ ਕੁਮਾਰ (17) ਵਾਸੀ ਰਜਵਾਹੀ ਪਿੰਡ ਵਜੋਂ ਹੋਈ ਹੈ।

ਦੂਜੇ ਪਾਸੇ, ਮਨੀਪੁਰ ਦੇ ਥੌਬਲ ਵਿੱਚ ਇੱਕ ਅੱਤਵਾਦੀ ਸਮੂਹ ਦਾ ਪੁਲਿਸ ਨਾਲ ਮੁਕਾਬਲਾ ਹੋਇਆ। ਇਸ 'ਚ ਇਕ ਅੱਤਵਾਦੀ ਦੀ ਮੌਤ ਹੋ ਗਈ। ਇਸ ਦੇ ਨਾਲ ਹੀ ਪੁਲਿਸ ਨੇ 6 ਅੱਤਵਾਦੀਆਂ ਨੂੰ ਗ੍ਰਿਫਤਾਰ ਕੀਤਾ ਹੈ। ਮੌਕੇ ਤੋਂ ਭਾਰੀ ਮਾਤਰਾ ਵਿੱਚ ਹਥਿਆਰ ਅਤੇ ਗੋਲਾ ਬਾਰੂਦ ਵੀ ਬਰਾਮਦ ਕੀਤਾ ਗਿਆ ਹੈ। ਇਹ ਹਥਿਆਰ ਕੁਝ ਦਿਨ ਪਹਿਲਾਂ ਪੁਲੀਸ ਲਾਇਬ੍ਰੇਰੀ ਵਿੱਚੋਂ ਲੁੱਟੇ ਗਏ ਸਨ।

## 'ਓਪਨ ਏਆਈ.' ਦੇ ਭਾਰਤੀ ਮੂਲ ਦੇ ਸਾਬਕਾ ਮੁਲਾਜ਼ਮ ਸੁਚੀਰ ਬਾਲਾਜੀ ਨੇ ਸਾਨ ਫਰਾਂਸਿਸਕੋ 'ਚ ਕੀਤੀ ਖੁਦਕੁਸ਼ੀ

ਨਿਊਯਾਰਕ, 15 ਦਸੰਬਰ (ਪੋਸਟ ਬਿਊਰੋ): ਨਿਊਯਾਰਕ 'ਚ ਆਰਟੀਫਿਸ਼ੀਅਲ ਇੰਟੈਲੀਜੈਂਸ (ਏ.ਆਈ.) ਕੰਪਨੀ 'ਓਪਨ ਏ.ਆਈ.' ਦੇ ਭਾਰਤੀ ਮੂਲ ਦੇ ਸਾਬਕਾ ਮੁਲਾਜ਼ਮ (26) ਨੇ ਸਾਨ ਫਰਾਂਸਿਸਕੋ 'ਚ ਖੁਦਕੁਸ਼ੀ ਕਰ ਲਈ। ਅਧਿਕਾਰੀਆਂ ਨੇ ਇਹ



ਜਾਣਕਾਰੀ ਦਿੱਤੀ। 'ਦ ਮਰਕਰੀ ਨਿਊਜ਼' ਨੇ ਸਾਨ ਫਰਾਂਸਿਸਕੋ ਪੁਲਿਸ ਅਤੇ ਮੁੱਖ ਮੈਡੀਕਲ ਜਾਂਚਕਰਤਾ ਦੇ ਦਫ਼ਤਰ ਦੇ ਹਵਾਲੇ ਨਾਲ ਦੱਸਿਆ ਕਿ ਸੁਚਿਰ ਬਾਲਾਜੀ 26 ਨਵੰਬਰ ਨੂੰ ਸਾਨ ਫਰਾਂਸਿਸਕੋ ਦੇ ਬੁਕਾਨਨ ਸਟ੍ਰੀਟ ਸਥਿਤ ਅਪਣੇ ਅਪਾਰਟਮੈਂਟ ਵਿਚ ਮ੍ਰਿਤਕ ਪਾਇਆ ਗਿਆ ਸੀ।

ਮੈਡੀਕਲ ਜਾਂਚਕਰਤਾ ਦੇ ਦਫਤਰ ਨੇ ਕਿਹਾ ਕਿ ਇਹ ਖ਼ੁਦਕੁਸ਼ੀ ਦਾ ਮਾਮਲਾ ਹੈ, ਜਦਕਿ ਪੁਲਿਸ ਅਧਿਕਾਰੀਆਂ ਨੇ ਕਿਹਾ ਕਿ ਫਿਲਹਾਲ ਇਸ ਮਾਮਲੇ 'ਚ ਗੜਬੜੀ ਦਾ ਕੋਈ ਸਬੂਤ ਨਹੀਂ ਹੈ। ਬਾਲਾਜੀ ਮਸ਼ਹੂਰ ਆਰਟੀਫਿਸ਼ੀਅਲ ਇੰਟੈਲੀਜੈਂਸ ਕੰਪਨੀ ਦੀਆਂ ਗਤੀਵਿਧੀਆਂ ਵਿਰੁਧ ਆਵਾਜ਼ ਚੁੱਕਣ ਲਈ ਜਾਣੇ ਜਾਂਦੇ ਸਨ। ਕੰਪਨੀ ਅਪਣੇ ਕਾਰੋਬਾਰੀ ਮਾਡਲ ਨੂੰ ਲੈ ਕੇ ਮੁਕੱਦਮਿਆਂ ਦਾ ਸਾਹਮਣਾ ਕਰ ਰਹੀ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ ਬਾਲਾਜੀ ਨੇ ਜਨਤਕ ਤੌਰ 'ਤੇ 'ਓਪਨ ਏ.ਆਈ.' 'ਤੇ ਤਿੰਨ ਮਹੀਨੇ ਪਹਿਲਾਂ 'ਚੈਟ ਜੀ.ਪੀ.ਟੀ.' ਬਣਾਉਣ ਵੇਲੇ ਅਮਰੀਕੀ ਕਾਪੀਰਾਈਟ ਕਾਨੂੰਨ ਦੀ ਉਲੰਘਣਾ ਕਰਨ ਦਾ ਦੋਸ਼ ਲਾਇਆ ਸੀ।

ਦੋਸ਼ ਸਾਹਮਣੇ ਆਉਣ ਤੋਂ ਬਾਅਦ, ਲੇਖਕਾਂ, ਕੰਪਿਊਟਰ ਪ੍ਰੋਗਰਾਮਰਾਂ ਅਤੇ ਪੱਤਰਕਾਰਾਂ ਨੇ 'ਓਪਨ ਏ.ਆਈ.' ਵਿਰੁਧ ਕਈ ਕੇਸ ਦਰਜ ਕੀਤੇ। ਉਨ੍ਹਾਂ ਦਾ ਕਹਿਣਾ ਹੈ ਕਿ ਕੰਪਨੀ ਨੇ ਅਪਣੇ ਪ੍ਰੋਗਰਾਮ ਨੂੰ ਤਿਆਰ ਕਰਨ ਅਤੇ ਇਸ ਦੀ ਕੀਮਤ ਨੂੰ 150 ਬਿਲੀਅਨ ਅਮਰੀਕੀ ਡਾਲਰ ਤੋਂ ਵੱਧ ਵਧਾਉਣ ਲਈ ਗੈਰਕਾਨੂੰਨੀ ਢੰਗ ਨਾਲ ਉਨ੍ਹਾਂ ਦੀ ਕਾਪੀਰਾਈਟ ਸਮੱਗਰੀ ਚੋਰੀ ਕੀਤੀ।

23 ਅਕਤੂਬਰ ਨੂੰ ਨਿਊਯਾਰਕ ਟਾਈਮਜ਼ 'ਚ ਪ੍ਰਕਾਸ਼ਤ ਇਕ ਇੰਟਰਵਿਊ 'ਚ, ਬਾਲਾਜੀ ਨੇ ਦਲੀਲ ਦਿਤੀ ਸੀ ਕਿ 'ਓਪਨ ਏ.ਆਈ.' ਉਨ੍ਹਾਂ ਕਾਰੋਬਾਰਾਂ ਅਤੇ ਉੱਦਮੀਆਂ ਨੂੰ ਨੁਕਸਾਨ ਪਹੁੰਚਾ ਰਿਹਾ ਹੈ ਜਿਨ੍ਹਾਂ ਦੇ ਡੇਟਾ ਦੀ ਵਰਤੋਂ 'ਚੈਟ ਜੀ.ਪੀ.ਟੀ.' ਬਣਾਉਣ ਲਈ ਕੀਤੀ ਗਈ ਸੀ।

## ਕਾਂਗਰਸ ਈਵੀਐੱਮ 'ਤੇ ਰੋਣਾ ਬੰਦ ਕਰੇ : ਮੁੱਖ ਮੰਤਰੀ ਉਮਰ ਅਬਦੁੱਲਾ



ਨਵੀਂ ਦਿੱਲੀ, 15 ਦਸੰਬਰ (ਪੋਸਟ ਬਿਊਰੋ): ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਕਿਹਾ ਹੈ ਕਿ ਕਾਂਗਰਸ ਨੂੰ ਈਵੀਐੱਮ 'ਤੇ ਰੋਣਾ ਬੰਦ ਕਰਨਾ ਚਾਹੀਦਾ ਹੈ। ਜਦੋਂ ਤੁਸੀਂ ਚੋਣ ਜਿੱਤਦੇ ਹੋ ਤਾਂ ਤੁਸੀਂ ਜਸ਼ਨ ਮਨਾਉਂਦੇ ਹੋ, ਜਦੋਂ ਤੁਸੀਂ ਹਾਰਦੇ ਹੋ ਤਾਂ ਤੁਸੀਂ ਈਵੀਐੱਮ 'ਤੇ ਸਵਾਲ ਉਠਾਉਂਦੇ ਹੋ। ਇਹ ਸਹੀ ਨਹੀਂ ਹੈ। ਚੋਣਾਂ ਲੜਨ ਤੋਂ ਪਹਿਲਾਂ ਪਾਰਟੀਆਂ ਨੂੰ ਇਹ ਤੈਅ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਈਵੀਐੱਮ 'ਤੇ ਭਰੋਸਾ ਹੈ ਜਾਂ ਨਹੀਂ।

ਇੱਕ ਇੰਟਰਵਿਊ ਵਿੱਚ ਅਬਦੁੱਲਾ ਨੇ ਕਿਹਾ ਕਿ ਜਦੋਂ ਤੁਸੀਂ ਈਵੀਐੱਮ ਰਾਹੀਂ 100 ਤੋਂ ਵੱਧ ਸੰਸਦ ਮੈਂਬਰ ਚੁਣਦੇ ਹੋ, ਤਾਂ ਤੁਸੀਂ ਇਸ ਨੂੰ ਆਪਣੀ ਪਾਰਟੀ ਦੀ ਜਿੱਤ ਕਹਿੰਦੇ ਹੋ। ਜੇਕਰ ਦੂਜੀ ਚੋਣ ਵਿੱਚ ਨਤੀਜਾ ਅਨੁਕੂਲ ਨਹੀਂ ਹੁੰਦਾ ਤਾਂ ਇਸ ਨੂੰ ਗਲਤ ਕਰਾਰ ਦਿੱਤਾ ਜਾਂਦਾ ਹੈ। ਇਹ ਸਹੀ ਨਹੀਂ ਹੈ। ਜੇਕਰ ਕਿਸੇ ਪਾਰਟੀ ਨੂੰ ਈਵੀਐੱਮ 'ਤੇ ਭਰੋਸਾ ਨਹੀਂ ਹੈ ਤਾਂ ਉਸ ਨੂੰ ਚੋਣ ਨਹੀਂ ਲੜਨੀ ਚਾਹੀਦੀ।

ਇੰਟਰਵਿਊ 'ਚ ਉਮਰ ਨੇ ਕੇਂਦਰ ਸਰਕਾਰ ਨੂੰ ਆਪਣਾ ਵਾਅਦਾ ਨਿਭਾਉਣ ਦੀ ਗੱਲ ਕਹੀ। ਉਨ੍ਹਾਂ ਕਿਹਾ ਕਿ ਜੰਮੂ-ਕਸ਼ਮੀਰ ਦਾ ਰਾਜ ਦਾ ਦਰਜਾ ਜਲਦੀ ਤੋਂ ਜਲਦੀ ਬਹਾਲ ਕੀਤਾ ਜਾਣਾ ਚਾਹੀਦਾ ਹੈ। ਕੇਂਦਰ ਸਰਕਾਰ ਨੇ 5 ਅਗਸਤ 2019 ਨੂੰ ਜੰਮੂ-ਕਸ਼ਮੀਰ ਦਾ ਵਿਸ਼ੇਸ਼ ਦਰਜਾ ਖ਼ਤਮ ਕਰ ਦਿੱਤਾ ਸੀ। ਇਸ ਸਮੇਂ ਦੌਰਾਨ ਇਸ ਨੂੰ ਦੋ ਕੇਂਦਰ ਸ਼ਾਸਤ ਪ੍ਰਦੇਸ਼ਾਂ, ਜੰਮੂ ਅਤੇ ਕਸ਼ਮੀਰ ਅਤੇ ਲੱਦਾਖ ਵਿੱਚ ਵੰਡਿਆ ਗਿਆ ਸੀ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

Allseas Fisheries Inc. is Hiring!
DZ licensed delivery drivers needed.
Pay is $24/hour. Full time, permanent
Should work any day of the week, including weekends.
If interested, please forward resume to rgidda@allseas.net

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
■ How your spouse can join you within 4-6 months
■ How your parents can join you
■ How students & skilled people can come to Canada
■ How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

ShérGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

# ਕਿਸਾਨੀ ਮੰਗਾਂ ਨੂੰ ਲੈ ਕੇ ਡੱਲੇਵਾਲ ਦਾ ਮਰਨ ਵਰਤ 20 ਦਿਨਾਂ ਤੋਂ ਜਾਰੀ, ਹਾਲਤ ਨਾਜ਼ੁਕ, ਕੇਂਦਰੀ ਅਧਿਕਾਰੀ ਮਿਲਣ ਪਹੁੰਚੇ



ਚੰਡੀਗੜ੍ਹ, 15 ਦਸੰਬਰ (ਪੋਸਟ ਬਿਊਰੋ): ਕੇਂਦਰੀ ਗ੍ਰਹਿ ਡਾਇਰੈਕਟਰ ਮਯੰਕ ਮਿਸ਼ਰਾ ਨੇ ਐਤਵਾਰ ਨੂੰ ਸ਼ੰਭੂ ਅਤੇ ਖਨੌਰੀ ਸਰਹੱਦ 'ਤੇ ਚੱਲ ਰਹੇ ਕਿਸਾਨ ਅੰਦੋਲਨ ਦੌਰਾਨ 20 ਦਿਨਾਂ ਤੋਂ ਮਰਨ ਵਰਤ 'ਤੇ ਬੈਠੇ ਕਿਸਾਨ ਆਗੂ ਜਗਜੀਤ ਡੱਲੇਵਾਲ ਨਾਲ ਮੁਲਾਕਾਤ ਕੀਤੀ। ਉਹ ਪੰਜਾਬ ਦੇ ਡੀਜੀਪੀ ਗੌਰਵ ਯਾਦਵ ਨਾਲ ਖਨੌਰੀ ਬਾਰਡਰ 'ਤੇ ਪਹੁੰਚੇ।

ਮੀਟਿੰਗ ਤੋਂ ਬਾਅਦ ਮਿਸ਼ਰਾ ਨੇ ਕਿਹਾ ਕਿ ਉਨ੍ਹਾਂ ਨੇ ਕਿਸਾਨਾਂ ਦੀਆਂ ਮੰਗਾਂ ਬਾਰੇ ਜਾਣਕਾਰੀ ਲਈ ਹੈ। ਉਨ੍ਹਾਂ ਨੇ ਕੇਂਦਰ ਨਾਲ ਗੱਲਬਾਤ ਦੇ ਪ੍ਰਸਤਾਵ ਨੂੰ ਠੁਕਰਾ ਦਿੱਤਾ ਹੈ। ਸੁਪਰੀਮ ਕੋਰਟ ਨੇ ਡੱਲੇਵਾਲ ਦੀ ਮੈਡੀਕਲ ਮਦਦ ਦੇ ਹੁਕਮ ਦਿੱਤੇ ਸਨ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਨੇ ਸ਼ਨੀਵਾਰ ਨੂੰ ਬੈਠਕ ਕੀਤੀ। ਇਸ ਵਿੱਚ ਪ੍ਰਧਾਨ ਮੰਤਰੀ ਮੋਦੀ ਨੂੰ ਕਿਸਾਨ ਅੰਦੋਲਨ ਬਾਰੇ ਜਾਣਕਾਰੀ ਦਿੱਤੀ ਗਈ। ਮੀਟਿੰਗ ਵਿੱਚ ਭਾਜਪਾ ਪ੍ਰਧਾਨ ਜੇਪੀ ਨੱਡਾ ਅਤੇ ਕੇਂਦਰੀ ਮੰਤਰੀ ਪਿਊਸ਼ ਗੋਇਲ ਵੀ ਮੌਜੂਦ ਸਨ।

ਮੰਨਿਆ ਜਾ ਰਿਹਾ ਹੈ ਕਿ ਕਿਸਾਨ ਅੰਦੋਲਨ ਨੂੰ ਲੈ ਕੇ ਪ੍ਰਧਾਨ ਮੰਤਰੀ ਮੋਦੀ ਵੱਲੋਂ ਕਿਸਾਨਾਂ ਦੀਆਂ ਮੰਗਾਂ ਨੂੰ ਲੈ ਕੇ ਕੋਈ ਵੱਡਾ ਐਲਾਨ ਕੀਤਾ ਜਾ ਸਕਦਾ ਹੈ। ਪੰਜਾਬ ਦੇ ਡੀਜੀਪੀ ਨੇ ਕਿਹਾ ਕਿ ਡੱਲੇਵਾਲ ਦੀ ਜਾਨ ਕੀਮਤੀ ਹੈ। ਅਸੀਂ ਸਾਰਿਆਂ ਨਾਲ ਤਾਲਮੇਲ ਕਰ ਰਹੇ ਹਾਂ ਅਤੇ ਗੱਲਬਾਤ ਨੂੰ ਅੱਗੇ ਲਿਜਾਣ ਲਈ ਮਾਹੌਲ ਤਿਆਰ ਕਰ ਰਹੇ ਹਾਂ। ਕੇਂਦਰੀ ਗ੍ਰਹਿ ਡਾਇਰੈਕਟਰ ਵੀ ਮੇਰੇ ਨਾਲ ਆਏ ਹਨ। ਉਹ ਕਿਸਾਨਾਂ ਦੀਆਂ ਮੰਗਾਂ ਕੇਂਦਰ ਤੱਕ ਪਹੁੰਚਾਉਣਗੇ। ਪੰਜਾਬ ਸਰਕਾਰ ਨੂੰ ਵੀ ਕਿਸਾਨਾਂ ਦੀਆਂ ਮੰਗਾਂ ਵੱਲ ਧਿਆਨ ਦੇਣ ਲਈ ਕਿਹਾ ਹੈ।

## ਹਰਿਆਣਾ 'ਚ ਲੜਕੀ ਨੂੰ ਜਿਉਂਦਾ ਸਾੜਨ ਦੇ ਦੋਸ਼ 'ਚ 3 ਦਰਜਨ ਲੋਕਾਂ ਖਿਲਾਫ ਮਾਮਲਾ ਦਰਜ



ਪੁਨਹਾਨਾ, 15 ਦਸੰਬਰ (ਪੋਸਟ ਬਿਊਰੋ): ਹਰਿਆਣਾ ਦੇ ਨੂਹ ਵਿਚ ਵੀਰਵਾਰ ਨੂੰ ਹੋਏ ਝਗੜੇ ਵਿਚ ਇਕ ਲੜਕੀ ਨੂੰ ਪੈਟਰੋਲ ਛਿੜਕ ਕੇ ਜਿਉਂਦਾ ਸਾੜ ਦਿੱਤਾ ਗਿਆ। ਕਤਲ ਦੇ ਮਾਮਲੇ ਵਿਚ ਮੁਲਜ਼ਮਾਂ ਨੂੰ ਪਿੰਡ 'ਚ ਵਸਾਉਣ 'ਤੇ ਵਿਵਾਦ ਇਨਾ ਵਧਿਆ ਕਿ ਇਕ ਲੜਕੀ ਨੂੰ ਜਿਉਂਦਾ ਅੱਗ ਦੀ ਭੇਟ ਚੜ੍ਹਾ ਦਿੱਤਾ ਗਿਆ। ਇਸ ਘਟਨਾ ਤੋਂ ਬਾਅਦ ਪੂਰੇ ਇਲਾਕੇ 'ਚ ਮਾਹੌਲ ਤਣਾਅਪੂਰਨ ਬਣਿਆ ਹੋਇਆ ਹੈ। ਮ੍ਰਿਤਕਾ ਦੇ ਪਰਿਵਾਰਕ ਮੈਂਬਰਾਂ ਦੀ ਸ਼ਿਕਾਇਤ ਦੇ ਆਧਾਰ 'ਤੇ ਪੁਲਸ ਨੇ 3 ਦਰਜਨ ਲੋਕਾਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ ਅਤੇ ਡੀ. ਐੱਸ. ਪੀ. ਨੇ ਪਿੰਡ ਵਿਚ ਸ਼ਾਂਤੀ ਬਣਾਏ ਰੱਖਣ ਲਈ ਪੁਲਿਸ ਫੋਰਸ ਨੂੰ ਤਾਇਨਾਤ ਕਰ ਦਿੱਤਾ ਹੈ।

ਮ੍ਰਿਤਕ ਲੜਕੀ ਸ਼ਹਿਨਾਜ਼ ਦੇ ਪਿਤਾ ਯਾਕੂਬ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਦੱਸਿਆ ਹੈ ਕਿ 7 ਮਹੀਨੇ ਪਹਿਲਾਂ ਉਸ ਦੇ ਪੁੱਤਰ ਰਿਜ਼ਵਾਨ ਦੀ ਮੁੱਟਰ ਧਿਰ ਦੇ ਲੋਕਾਂ ਨੇ ਕਤਲ ਕਰ ਦਿੱਤਾ ਸੀ। 7 ਮਹੀਨੇ ਬਾਅਦ ਪੁਲਸ ਕਤਲ ਦੇ ਮੁਲਜ਼ਮਾਂ ਨੂੰ ਪਿੰਡ ਵਿਚ ਵਸਾਉਣ ਲਈ ਬੀਤੇ ਸ਼ਨੀਵਾਰ ਨੂੰ ਲਿਆਈ ਸੀ। ਪੁਲਿਸ ਦੇ ਜਾਣ ਮਗਰੋਂ ਮੁਲਜ਼ਮਾਂ ਨੇ ਫਿਰ ਤੋਂ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ 'ਤੇ ਹਮਲਾ ਕਰ ਦਿੱਤਾ ਅਤੇ ਉਨ੍ਹਾਂ ਦੀ ਬੇਟੀ ਸ਼ਹਿਨਾਜ਼ ਨੂੰ ਜਿਉਂਦਾ ਅੱਗ ਦੇ ਹਵਾਲੇ ਕਰ ਦਿੱਤਾ ਸੀ।

## ਦਿਲ, ਗੁਰਦੇ ਅਤੇ ਫੇਫੜੇ ਹੈਲੀਕਾਪਟਰ ਰਾਹੀਂ ਜੈਪੁਰ-ਜੋਧਪੁਰ ਪਹੁੰਚਾਏ, 3 ਜਾਨਾਂ ਬਚਾਈਆਂ



ਜੈਪੁਰ, 15 ਦਸੰਬਰ (ਪੋਸਟ ਬਿਊਰੋ): ਰਾਜਸਥਾਨ ਵਿੱਚ ਪਹਿਲੀ ਵਾਰ ਅੰਗ ਟਰਾਂਸਪਲਾਂਟ ਲਈ ਹੈਲੀਕਾਪਟਰ ਦੀ ਵਰਤੋਂ ਕੀਤੀ ਗਈ। ਤਿੰਨ ਘੰਟਿਆਂ ਦੇ ਅੰਦਰ ਹੈਲੀਕਾਪਟਰ ਨੇ ਦਿਲ-ਕਿਡਨੀ-ਲਿਵਰ ਨੂੰ ਝਾਲਾਵਾੜ ਤੋਂ ਜੈਪੁਰ ਅਤੇ ਜੋਧਪੁਰ ਪਹੁੰਚਾਇਆ। ਇਹ ਯਕੀਨੀ ਬਣਾਉਣ ਲਈ ਕਿ ਸਰੀਰ ਦੇ ਅੰਗ ਸੁਰੱਖਿਅਤ ਹਨ, ਹੈਲੀਕਾਪਟਰ ਨੂੰ ਜੈਪੁਰ ਦੇ ਐੱਸਐੱਮਐੱਸ ਹਸਪਤਾਲ ਅਤੇ ਜੋਧਪੁਰ ਏਮਜ਼ ਦੇ ਇੱਕ ਕਿਲੋਮੀਟਰ ਦੇ ਘੇਰੇ ਵਿੱਚ ਉਤਾਰਿਆ ਗਿਆ।

ਦਰਅਸਲ, 10 ਦਸੰਬਰ ਨੂੰ ਝਾਲਾਵਾੜ ਦੇ ਇੱਕ ਨੌਜਵਾਨ ਵਿਸ਼ਨੂੰ (33) ਨੂੰ ਐੱਸਆਰਜੀ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਸੀ। ਵਿਸ਼ਨੂੰ ਦਾ ਝਗੜਾ ਹੋਇਆ ਸੀ ਅਤੇ ਉਸ ਦੇ ਸਿਰ 'ਤੇ ਸੱਟ ਲੱਗ ਗਈ ਸੀ। ਸਿਰ ਦਾ ਅਪਰੇਸ਼ਨ ਹੋਣ ਤੋਂ ਬਾਅਦ ਵੀ ਉਹ 13 ਦਸੰਬਰ ਨੂੰ ਬ੍ਰੇਨ ਡੈੱਡ ਹੋ ਗਿਆ। ਇਸ ਤੋਂ ਬਾਅਦ ਪਰਿਵਾਰ ਵਾਲਿਆਂ ਨੇ ਅੰਗ ਟਰਾਂਸਪਲਾਂਟ ਦੀ ਇਜਾਜ਼ਤ ਦੇ ਦਿੱਤੀ।

ਝਾਲਾਵਾੜ ਮੈਡੀਕਲ ਕਾਲਜ ਵਿੱਚ 13 ਅਤੇ 14 ਦਸੰਬਰ ਨੂੰ ਦੋ ਆਪ੍ਰੇਸ਼ਨਾਂ ਤੋਂ ਬਾਅਦ ਵਿਸ਼ਨੂੰ ਦੇ ਗੁਰਦੇ, ਦਿਲ, ਜਿਗਰ ਅਤੇ ਫੇਫੜੇ ਕੱਢੇ ਗਏ ਸਨ। ਐਤਵਾਰ ਨੂੰ ਸਵੇਰੇ 10:30 ਵਜੇ ਉਨ੍ਹਾਂ ਨੂੰ ਹੈਲੀਕਾਪਟਰ ਰਾਹੀਂ ਝਾਲਾਵਾੜ ਤੋਂ ਜੈਪੁਰ ਲਿਜਾਇਆ ਗਿਆ।

ਦੋਨਾਂ ਅੰਗਾਂ ਨੂੰ ਉਸੇ ਹੈਲੀਕਾਪਟਰ ਰਾਹੀਂ ਦੁਪਹਿਰ 1:30 ਵਜੇ ਜੋਧਪੁਰ ਏਮਜ਼ ਲਿਜਾਇਆ ਗਿਆ। ਜੈਪੁਰ ਵਿੱਚ ਦੋ ਅਤੇ ਜੋਧਪੁਰ ਵਿੱਚ ਇੱਕ ਮਰੀਜ਼ ਦੇ ਅੰਗ ਟ੍ਰਾਂਸਪਲਾਂਟ ਕੀਤੇ ਗਏ ਸਨ।




ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

Well Settled Ramgarhia Family in Winnipeg looking for a suitable match for their son,34 years old,5-10"tall, cleanshave, Canadian Citizen. Call at 204-510-7658 for more info.

ਰਾਮਗੜ੍ਹੀਆ ਸਿੱਖ ਲੜਕਾ, 26 ਸਾਲ, 5ਫੁੱਟ, 9ਇੰਚ, ਵਰਕ ਪਰਮਿਟ, ਟਰੱਕ ਡਰਾਈਵਰ, ਨਾਨਡ੍ਰਿੰਕਿੰਗ ਲਈ, ਪੀ.ਆਰ./ਸਿਟੀਜ਼ਨ ਲੜਕੀ ਦੀ ਲੋੜ। ਸੰਪਰਕ: sukh25125@gmail.com ਜਾਂ ਵਟਸਐਪ +16723355016, ਕੋਈ ਜਾਤੀ ਬੰਧਨ ਨਹੀਂ। ਮੈਰਿਜ ਬਿਊਰੋ ਵਾਲੇ ਮੁਆਫ ਕਰਨ।

ਲੁਬਾਣਾ ਸਿੱਖ, 1989 ਕਲੀਨਸ਼ੇਵ, ਗੋਰਾ ਰੰਗ, ਕੱਦ 5'8, ਕੈਨੇਡਾ ਵਿੱਚ ਸਥਾਈ ਨਿਵਾਸੀ (**Italian citizen**) ਲਈ ਖ਼ੂਬਸੂਰਤ ਅਤੇ ਪੜ੍ਹੀ ਲਿਖੀ ਲੜਕੀ ਦੀ ਲੋੜ। ਸੰਪਰਕ- 647-449-6746 ਜਾਂ 250-793-0527

Sikh Tonk kashtriya Boy Feb/1993 Born, height 5.11", B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ।
ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, 28 ਸਾਲ, 5'6", ਕੇਨੈਡਾ ਵਿੱਚ ਵਿਜਟਰ ਵੀਜ਼ੇ 'ਤੇ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜਨ/ਪੀ.ਆਰ. ਜੱਟ ਸਿੱਖ ਲੜਕੇ ਦੀ ਜ਼ਰੂਰਤ। ਸੰਪਰਕ: 647-203-7573

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## ਲੜਕੇ ਦੀ ਲੋੜ

ਗਿੱਲ ਜੱਟ ਸਿੱਖ, 1992, ਇਕਲੌਤੀ, B.Tech. ਲੜਕੀ ਲਈ ਗੁਰਸਿੱਖ ਕੈਨੇਡੀਅਨ ਸੈਟਲਡ ਪਰਿਵਾਰ ਦੇ ਲੜਕੇ ਦੀ ਲੋੜ। ਸੰਪਰਕ: 9464034653, 2364582228

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁੱਟ 4", ਬੀ.ਏ ਪਾਸ, ਹੇਅਰ ਐਂਡ ਸਕਿੱਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ 'ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ: 9478403300

ਜੱਟ ਸਿਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664







**Allseas Fisheries Inc. is Hiring!**
**DZ licensed delivery drivers needed.**
Pay is $24/hour. Full time, permanent
Should work any day of the week, including weekends.
If interested, please forward resume to **rgidda@allseas.net**






# ਕਲਾਸਰੂਮਾਂ ਨੂੰ ਬਦਲਣਾ: ਰਾਸ਼ਟਰੀ ਸਿੱਖਿਆ ਨੀਤੀ (ਐਨਈਪੀ)-ਅਲਾਈਨਡ ਐਜੂਕੇਸ਼ਨ

ਵਿਜੈ ਗਰਗ

ਰਾਸ਼ਟਰੀ ਸਿੱਖਿਆ ਨੀਤੀ (ਐਨਈਪੀ) ਅਤੇ ਰਾਸ਼ਟਰੀ ਪਾਠਕ੍ਰਮ ਫਰੇਮਵਰਕ ਫਾਊਂਡੇਸ਼ਨਲ ਤੋਂ ਲੈ ਕੇ ਸੈਕੰਡਰੀ ਤੱਕ ਦੇ ਸਾਰੇ ਪੱਧਰਾਂ ਲਈ ਵਿਕਸਤ, ਨਵੀਂ ਦਿਸ਼ਾਵਾਂ ਕੇਂਦਰਿਤ ਸਮੱਗਰੀ, ਹੁਨਰ-ਨਿਰਮਾਣ ਅਭਿਆਸਾਂ ਅਤੇ ਉੱਨਤ ਡਿਜੀਟਲ ਸਾਧਨਾਂ ਨਾਲ ਕਲਾਸਰੂਮ ਸਿੱਖਣ ਵਿੱਚ ਕ੍ਰਾਂਤੀ ਲਿਆਉਂਦੀਆਂ ਹਨ। ਵਾਇਵ ਐਜੂਕੇਸ਼ਨ ਦੀ ਅਕਾਦਮਿਕ ਉੱਤਮਤਾ ਅਤੇ ਭਰੋਸੇਯੋਗ ਸਿੱਖਣ ਦੇ ਸਰੋਤਾਂ ਪ੍ਰਤੀ ਵਚਨਬੱਧਤਾ ਨੇ ਦੇਸ਼ ਭਰ ਵਿੱਚ ਸਿੱਖਿਆ ਨੂੰ ਆਕਾਰ ਦਿੱਤਾ ਹੈ। ਨਵੇਂ ਦਿਸ਼ਾ-ਨਿਰਦੇਸ਼ਾਂ ਦੇ ਨਾਲ, ਇਹ ਵਿਦਿਆਰਥੀਆਂ ਨੂੰ ਅਕਾਦਮਿਕ ਅਤੇ ਉਸ ਤੋਂ ਅੱਗੇ ਸਫ਼ਲ ਹੋਣ ਲਈ ਲੋੜੀਂਦੇ ਗਿਆਨ ਅਤੇ ਹੁਨਰਾਂ ਨਾਲ ਲੈਸ ਕਰਕੇ ਸਿੱਖਣ ਨੂੰ ਹੋਰ ਪਰਿਭਾਸ਼ਿਤ ਕਰਦਾ ਹੈ। ਨਵੀਆਂ ਦਿਸ਼ਾਵਾਂ ਦੀਆਂ ਮੁੱਖ ਵਿਸ਼ੇਸ਼ਤਾਵਾਂ:

1. ਐਨਪੀਈ ਅਤੇ ਐਨਸੀਐਫ ਅਲਾਈਨਡ ਪਾਠਕ੍ਰਮ ਵੀਵਾ ਐਜੂਕੇਸ਼ਨ ਦੁਆਰਾ ਨਵੀਂ ਦਿਸ਼ਾ-ਨਿਰਦੇਸ਼ਾਂ ਦੀ ਲੜੀ ਰਾਸ਼ਟਰੀ ਸਿੱਖਿਆ ਨੀਤੀ (ਐਨਈਪੀ) ਅਤੇ ਰਾਸ਼ਟਰੀ ਪਾਠਕ੍ਰਮ ਫਰੇਮਵਰਕ ਉਦੇਸ਼ਾਂ ਨਾਲ ਨੇੜਿਓਂ ਜੁੜੀ ਹੋਈ ਹੈ ਤਾਂ ਜੋ ਸਿੱਖਣ ਲਈ ਇੱਕ ਆਧੁਨਿਕ ਅਤੇ ਸੰਪੂਰਨ ਪਹੁੰਚ ਨੂੰ ਯਕੀਨੀ ਬਣਾਇਆ ਜਾ ਸਕੇ। ਕਿਤਾਬਾਂ 'ਘੱਟ ਸਮਗਰੀ, ਵਧੇਰੇ ਸਿੱਖਣ' 'ਤੇ ਧਿਆਨ ਕੇਂਦਰਤ ਕਰਦੀਆਂ ਹਨ, ਬੇਲੋੜੀ ਗੁੰਝਲਤਾ ਨੂੰ ਘਟਾਉਂਦੀਆਂ ਹਨ ਅਤੇ ਵਿਦਿਆਰਥੀਆਂ ਨੂੰ ਜ਼ਰੂਰੀ ਸੰਕਲਪਾਂ ਨਾਲ ਡੂੰਘਾਈ ਨਾਲ ਜੁੜਨ ਦੇ ਯੋਗ ਬਣਾਉਂਦੀਆਂ ਹਨ। ਹਰੇਕ ਕਿਤਾਬ ਨੂੰ ਵਿਸ਼ਿਆਂ ਨੂੰ ਸਰਲ ਬਣਾਉਣ, ਬਿਹਤਰ ਸੰਕਲਪਿਕ ਸਮਝ ਨੂੰ ਉਤਸ਼ਾਹਿਤ ਕਰਨ ਅਤੇ ਗਿਆਨ ਦੀ ਧਾਰਨਾ ਨੂੰ ਯਕੀਨੀ ਬਣਾਉਣ ਲਈ ਤਿਆਰ ਕੀਤਾ ਗਿਆ ਹੈ।

2. ਹੁਨਰ-ਅਧਾਰਤ ਸਿਖਲਾਈ ਇਹ ਲੜੀ ਹੁਨਰ ਵਿਕਾਸ 'ਤੇ ਜ਼ੋਰ ਦਿੰਦੀ ਹੈ, ਵਿਦਿਆਰਥੀਆਂ ਨੂੰ 21ਵੀਂ ਸਦੀ ਦੀਆਂ ਯੋਗਤਾਵਾਂ ਜਿਵੇਂ ਕਿ ਸੰਚਾਰ, ਸਹਿਯੋਗ ਅਤੇ ਆਲੋਚਨਾਤਮਕ ਸੋਚ 'ਤੇ ਕੇਂਦ੍ਰਤ ਕਰਦੇ ਹੋਏ ਅਸਲ-ਸੰਸਾਰ ਦੀਆਂ ਚੁਣੌਤੀਆਂ ਲਈ ਤਿਆਰ ਕਰਦੀ ਹੈ। ਲੜੀ ਦੀ ਹਰ ਕਿਤਾਬ ਵਿੱਚ ਇਹਨਾਂ ਜ਼ਰੂਰੀ ਹੁਨਰਾਂ ਨੂੰ ਵਧਾਉਣ ਲਈ ਗਤੀਵਿਧੀਆਂ ਅਤੇ ਅਭਿਆਸ ਹਨ। ਇਹਨਾਂ ਵਿੱਚ ਸਮੱਸਿਆ-ਹੱਲ ਕਰਨ ਦੇ ਦ੍ਰਿਸ਼, ਸਮੂਹ ਚਰਚਾਵਾਂ ਅਤੇ ਨਾਜ਼ੁਕ ਸੋਚ ਵਾਲੇ ਕਾਰਜ ਸ਼ਾਮਲ ਹਨ ਜੋ ਕਿ ਰਵਾਇਤੀ ਪਾਠ ਪੁਸਤਕ ਸਮੱਗਰੀ ਤੋਂ ਪਰੇ ਹਨ।

3. ਅੰਤਰ-ਅਨੁਸ਼ਾਸਨੀ ਸਿਖਲਾਈ ਅਤੇ ਸੰਯੁਕਤ ਰਾਸ਼ਟਰ ਸਸਟੇਨੇਬਲ ਡਿਵੈਲਪਮੈਂਟ ਟੀਚੇ ਐਨਈਪੀ ਵਿਸ਼ਿਆਂ ਅਤੇ ਪਾਠਕ੍ਰਮ ਵਿੱਚ ਅੰਤਰ-ਅਨੁਸ਼ਾਸਨੀ ਪਹੁੰਚ ਦੀ ਸਿਫ਼ਾਰਸ਼ ਕਰਦਾ ਹੈ। ਉਦਾਹਰਨ ਲਈ, ਨਵੀਂ ਦਿਸ਼ਾ ਅੰਗਰੇਜ਼ੀ ਦੀ ਲੜੀ ਵਿੱਚ ਵਿਸ਼ੇਸ਼ ਗਤੀਵਿਧੀਆਂ ਹਨ ਜੋ ਸਿਖਿਆਰਥੀਆਂ ਨੂੰ ਹੋਰ ਵਿਸ਼ਿਆਂ, ਅਨੁਸ਼ਾਸਨਾਂ ਅਤੇ ਡੋਮੇਨਾਂ ਦੇ ਸੰਦਰਭਾਂ ਵਿੱਚ ਲਾਗੂ ਕਰਕੇ ਪਾਠ ਸੰਬੰਧੀ ਵਿਚਾਰਾਂ ਨੂੰ ਵਧਾਉਣ ਅਤੇ ਉਹਨਾਂ ਦੀ ਪੜਚੋਲ ਕਰਨ ਵਿੱਚ ਮਦਦ ਕਰਦੀਆਂ ਹਨ। ਇਹ ਲੜੀ ਭਾਸ਼ਾ ਦੇ ਪਾਠਕ੍ਰਮ ਵਿੱਚ ਸੰਯੁਕਤ ਰਾਸ਼ਟਰ ਦੇ ਟਿਕਾਊ ਵਿਕਾਸ ਟੀਚਿਆਂ ਨੂੰ ਇਸ ਤਰੀਕੇ ਨਾਲ ਜੋੜਦੀ ਹੈ ਜੋ ਜਾਗਰੂਕਤਾ ਪੈਦਾ ਕਰਦੀ ਹੈ ਅਤੇ ਕਾਰਵਾਈ ਨੂੰ ਪ੍ਰੇਰਿਤ ਕਰਦੀ ਹੈ।

4. ਅਸਲ-ਵਿਸ਼ਵ ਪ੍ਰਸੰਗਿਕਤਾ ਨਵੇਂ ਦਿਸ਼ਾ-ਨਿਰਦੇਸ਼ ਪਾਠਕ੍ਰਮ ਵਿੱਚ ਬਹੁ-ਅਨੁਸ਼ਾਸਨੀ ਪਾਠ ਸ਼ਾਮਲ ਹਨ ਜੋ ਵਿਗਿਆਨ, ਗਣਿਤ, ਭਾਸ਼ਾਵਾਂ ਅਤੇ ਸਮਾਜਿਕ ਵਿਗਿਆਨ ਵਰਗੇ ਵਿਸ਼ਿਆਂ ਨੂੰ ਅਸਲ-ਜੀਵਨ ਦੇ ਦ੍ਰਿਸ਼ਾਂ ਨਾਲ ਜੋੜਦੇ ਹਨ। ਉਦਾਹਰਨ ਲਈ, ਕਿਤਾਬਾਂ ਵਿੱਚ ਗਣਿਤ ਦੇ ਪਾਠਾਂ ਵਿੱਚ ਬਜਟ ਅਭਿਆਸ ਸ਼ਾਮਲ ਹੁੰਦੇ ਹਨ, ਜਦੋਂ ਕਿ ਵਿਗਿਆਨ ਦੇ ਵਿਸ਼ੇ ਵਾਤਾਵਰਣ ਸੰਭਾਲ ਦੀ ਪੜਚੋਲ ਕਰਦੇ ਹਨ। ਹਰ ਅਧਿਆਇ ਅਮੂਰਤ ਸੰਕਲਪਾਂ ਅਤੇ ਉਹਨਾਂ ਦੇ ਰੋਜ਼ਾਨਾ ਉਪਯੋਗਾਂ ਵਿਚਕਾਰ ਪਾੜੇ ਨੂੰ ਪੂਰਾ ਕਰਨ ਲਈ ਵਿਹਾਰਕ ਉਦਾਹਰਣਾਂ ਅਤੇ ਗਤੀਵਿਧੀਆਂ ਪ੍ਰਦਾਨ ਕਰਦਾ ਹੈ। ਇਹ ਪਹੁੰਚ ਵਿਦਿਆਰਥੀਆਂ ਨੂੰ ਉਹਨਾਂ ਦੀ ਸਿੱਖਿਆ ਦੀ ਸਾਰਥਕਤਾ ਨੂੰ ਦੇਖਣ ਵਿੱਚ ਮਦਦ ਕਰਦੀ ਹੈ ਅਤੇ ਸਿੱਖਣ ਨੂੰ ਸਾਰਥਕ ਅਤੇ ਪ੍ਰਭਾਵਸ਼ਾਲੀ ਬਣਾ ਕੇ ਸਮਝ ਅਤੇ ਧਾਰਨ ਵਿੱਚ ਸੁਧਾਰ ਕਰਦੀ ਹੈ।

5. ਸੱਭਿਆਚਾਰਕ ਏਕੀਕਰਨ ਕਿਤਾਬਾਂ ਵਿਸ਼ਵ ਦ੍ਰਿਸ਼ਟੀਕੋਣ ਨੂੰ ਕਾਇਮ ਰੱਖਦੇ ਹੋਏ ਭਾਰਤ ਦੀ ਅਮੀਰ ਸੱਭਿਆਚਾਰਕ ਵਿਰਾਸਤ ਦਾ ਜਸ਼ਨ ਮਨਾਉਂਦੀਆਂ ਹਨ। ਸਬਕ ਦੇਸ਼ ਦੀਆਂ ਪਰੰਪਰਾਵਾਂ, ਇਤਿਹਾਸ ਅਤੇ ਕਦਰਾਂ-ਕੀਮਤਾਂ ਵਿੱਚ ਮਾਣ ਪੈਦਾ ਕਰਨ ਲਈ ਤਿਆਰ ਕੀਤੇ ਗਏ ਹਨ, ਮਜ਼ਬੂਤ ਸਭਿਆਚਾਰਕ ਜਾਗਰੂਕਤਾ ਅਤੇ ਰਾਸ਼ਟਰੀ ਪਛਾਣ ਨੂੰ ਉਤਸ਼ਾਹਿਤ ਕਰਦੇ ਹਨ। ਇਸ ਦੇ ਨਾਲ ਹੀ, ਇਹ ਲੜੀ ਵਿਸ਼ਵਵਿਆਪੀ ਦ੍ਰਿਸ਼ਟੀਕੋਣਾਂ ਨੂੰ ਸ਼ਾਮਲ ਕਰਕੇ ਵਿਦਿਆਰਥੀਆਂ ਦੇ ਦੂਰੀ ਨੂੰ ਵਿਸ਼ਾਲ ਕਰਦੀ ਹੈ, ਇਹ ਯਕੀਨੀ ਬਣਾਉਂਦੀ ਹੈ ਕਿ ਉਹ ਅੰਤਰਰਾਸ਼ਟਰੀ ਮੌਕਿਆਂ ਲਈ ਤਿਆਰ ਹਨ। ਕਹਾਣੀਆਂ, ਉਦਾਹਰਨਾਂ ਅਤੇ ਗਤੀਵਿਧੀਆਂ ਨੂੰ ਭਾਰਤੀ ਅਤੇ ਗਲੋਬਲ ਸੱਭਿਆਚਾਰਾਂ ਨੂੰ ਦਰਸਾਉਂਦੇ ਹੋਏ, ਕਿਤਾਬਾਂ ਸੰਤੁਲਿਤ ਵਿਅਕਤੀ ਬਣਾਉਂਦੀਆਂ ਹਨ ਜੋ ਨਵੀਨਤਾ ਨੂੰ ਅਪਣਾਉਂਦੇ ਹੋਏ ਪਰੰਪਰਾ ਦੀ ਕਦਰ ਕਰਦੇ ਹਨ।



6. ਇੰਟਰਐਕਟਿਵ ਅਤੇ ਸਮਾਵੇਸ਼ੀ ਗਤੀਵਿਧੀਆਂ ਨਵੇਂ ਦਿਸ਼ਾ-ਨਿਰਦੇਸ਼ ਵਿਭਿੰਨ ਸਿੱਖਣ ਦੀਆਂ ਸ਼ੈਲੀਆਂ ਨੂੰ ਪੂਰਾ ਕਰਨ ਲਈ ਪੁੱਛਗਿੱਛ-ਅਧਾਰਿਤ ਅਭਿਆਸਾਂ, ਹੈਂਡ-ਆਨ ਪ੍ਰੋਜੈਕਟ ਅਤੇ ਸਹਿਯੋਗੀ ਗਤੀਵਿਧੀਆਂ ਦੀ ਪੇਸ਼ਕਸ਼ ਕਰਦੇ ਹਨ। ਇਹ ਇੰਟਰਐਕਟਿਵਤੱਤ ਵਿਦਿਆਰਥੀਆਂ ਨੂੰ ਸਰਗਰਮ ਸਿੱਖਣ ਵਿੱਚ ਸ਼ਾਮਲ ਕਰਦੇ ਹਨ, ਕਲਾਸਰੂਮ ਨੂੰ ਵਧੇਰੇ ਸੰਮਲਿਤ ਅਤੇ ਆਨੰਦਦਾਇਕ ਬਣਾਉਂਦੇ ਹਨ। ਕਿਤਾਬਾਂ ਦੇ ਖਾਸ ਭਾਗ ਵੱਖ-ਵੱਖ ਸਿੱਖਣ ਦੀਆਂ ਤਰਜੀਹਾਂ ਨੂੰ ਸੰਬੋਧਿਤ ਕਰਦੇ ਹਨ, ਜੋ ਕਿ ਵਿਲੱਖਣ ਲੋੜਾਂ ਵਾਲੇ ਵਿਦਿਆਰਥੀਆਂ ਸਮੇਤ ਸਾਰੇ ਵਿਦਿਆਰਥੀਆਂ ਲਈ ਪਹੁੰਚਯੋਗਤਾ ਨੂੰ ਯਕੀਨੀ ਬਣਾਉਂਦੇ ਹਨ। ਕਿਤਾਬਾਂ ਵਿੱਚ ਭਾਗੀਦਾਰੀ ਨੂੰ ਵਧਾਉਣ ਅਤੇ ਸ਼ਮੂਲੀਅਤ ਨੂੰ ਵਧਾਉਣ ਲਈ ਵਿਜ਼ੂਅਲ ਏਡਜ਼, ਮਾਰਗਦਰਸ਼ਨ ਅਭਿਆਸ ਅਤੇ ਸਮੂਹ-ਅਧਾਰਿਤ ਕਾਰਜ ਵੀ ਹਨ।

7. ਐਡਵਾਂਸਡ ਡਿਜੀਟਲ ਟੂਲ ਵਾਇਵ ਏਆਈ- ਬੱਡੀ, ਇੱਕ ਏਆਈ-ਸੰਚਾਲਿਤ ਸਿਖਲਾਈ ਸਹਾਇਕ, ਅਨੁਕੂਲਿਤ ਅਭਿਆਸਾਂ, ਤਤਕਾਲ ਫੀਡਬੈਕ ਅਤੇ ਇੰਟਰਐਕਟਿਵ ਸਹਾਇਤਾ ਨਾਲ ਸਿੱਖਣ ਦੇ ਅਨੁਭਵ ਨੂੰ ਵਿਅਕਤੀਗਤ ਬਣਾਉਂਦਾ ਹੈ। ਆਸਾਨ ਪਹੁੰਚਯੋਗਤਾ ਦੇ ਨਾਲ, ਵਿਦਿਆਰਥੀ ਆਪਣੀ ਵਾਇਵ ਐਜੂਕੇਸ਼ਨ ਪਾਠ ਪੁਸਤਕ ਨਾਲ ਜੁੜੇ ਐਪ ਜਾਂ ਪਲੇਟਫਾਰਮ ਤੱਕ ਪਹੁੰਚ ਕਰਕੇ, ਪ੍ਰਦਾਨ ਕੀਤੇ ਗਏ ਕਿਊਆਰ ਕੋਡ ਨੂੰ ਸਕੈਨ ਕਰਕੇ, ਅਤੇ ਏਆਈ ਸਹਾਇਕ ਨਾਲ ਗੱਲਬਾਤ ਕਰਕੇ ਵਾਇਵ ਏਆਈ- ਬਾਡੀ ਦੀ ਵਰਤੋਂ ਕਰ ਸਕਦੇ ਹਨ। ਉਹ ਸਵਾਲ ਪੁੱਛ ਸਕਦੇ ਹਨ, ਸੰਕਲਪ ਦੇ ਸੰਖੇਪਾਂ ਦੀ ਬੇਨਤੀ ਕਰ ਸਕਦੇ ਹਨ, ਐਨੀਮੇਟਿਡ ਸਪੱਸ਼ਟੀਕਰਨ ਦੇਖ ਸਕਦੇ ਹਨ ਜਾਂ ਆਪਣੀ ਸਮਝ ਨੂੰ ਪਰਖਣ ਲਈ ਅਭਿਆਸ ਕਵਿਜ਼ ਲੈ ਸਕਦੇ ਹਨ। ਉੱਚ-ਗੁਣਵੱਤਾ ਵਾਲੇ ਐਨੀਮੇਸ਼ਨ, ਵਿਆਖਿਆਕਾਰ ਵੀਡੀਓ ਅਤੇ ਡਿਜੀਟਲ ਅਭਿਆਸ ਪਾਠਾਂ ਨੂੰ ਸ਼ਾਮਲ ਕਰਦੇ ਹਨ, ਦਿਲਚਸਪੀ ਅਤੇ ਸਮਝ ਨੂੰ ਵਧਾਉਂਦੇ ਹਨ।

8. ਸੰਪੂਰਨ ਵਿਕਾਸ ਅਕਾਦਮਿਕਤਾ ਤੋਂ ਇਲਾਵਾ, ਕਿਤਾਬਾਂ ਮੁੱਲਾਂ ਦੀ ਸਿੱਖਿਆ, ਭਾਵਨਾਤਮਕ ਤੰਦਰੁਸਤੀ ਅਤੇ ਸਮਾਜਿਕ ਜਾਗਰੂਕਤਾ ਦੇ ਪਾਠਾਂ ਨੂੰ ਸ਼ਾਮਲ ਕਰਦੀਆਂ ਹਨ। ਅਧਿਆਵਾਂ ਵਿੱਚ ਹਮਦਰਦੀ, ਲਚਕੀਲੇਪਨ ਅਤੇ ਨੈਤਿਕ ਫੈਸਲੇ ਲੈਣ ਦੇ ਵਿਕਾਸ ਲਈ ਗਤੀਵਿਧੀਆਂ ਅਤੇ ਦ੍ਰਿਸ਼ ਸ਼ਾਮਲ ਹਨ। ਇਹ ਸੰਪੂਰਨ ਪਹੁੰਚ ਇਹ ਯਕੀਨੀ ਬਣਾਉਂਦੀ ਹੈ ਕਿ ਵਿਦਿਆਰਥੀ ਕਲਾਸਰੂਮ ਤੋਂ ਬਾਹਰ ਚੁਣੌਤੀਆਂ ਨੂੰ ਨੈਵੀਗੇਟ ਕਰਨ ਦੇ ਸਮਰੱਥ ਹੋਣ ਦੇ ਯੋਗ ਵਿਅਕਤੀਆਂ ਵਿੱਚ ਵਧਦੇ ਹਨ। ਇਹ ਲੜੀ ਵਿਦਿਆਰਥੀਆਂ ਨੂੰ ਭਾਵਨਾਤਮਕ ਸੰਤੁਲਨ ਅਤੇ ਸਮਾਜਿਕ ਜ਼ੰਮੇਵਾਰੀ 'ਤੇ ਧਿਆਨ ਕੇਂਦਰਿਤ ਕਰਕੇ ਵਿਭਿੰਨ ਸਥਿਤੀਆਂ ਵਿੱਚ ਇਕਸਾਰਤਾ ਅਤੇ ਅਨੁਕੂਲਤਾ ਨੂੰ ਬਣਾਈ ਰੱਖਣ ਲਈ ਤਿਆਰ ਕਰਦੀ ਹੈ। ਵਾਇਵ ਬਾਰੇ ਵਿਵਾ ਐਜੂਕੇਸ਼ਨ ਸਿੱਖਿਆ ਖੇਤਰ ਵਿੱਚ ਇੱਕ ਭਰੋਸੇਮੰਦ ਨਾਮ ਹੈ, ਜੋ ਵਿਦਿਆਰਥੀਆਂ ਅਤੇ ਸਿੱਖਿਅਕਾਂ ਲਈ ਉੱਚ-ਗੁਣਵੱਤਾ ਸਿੱਖਣ ਦੇ ਸਰੋਤ ਬਣਾਉਣ ਲਈ ਸਮਰਪਿਤ ਹੈ। ਪ੍ਰਕਾਸ਼ਨ ਦੀ 35 ਸਾਲਾਂ ਤੋਂ ਵੱਧ ਮੁਹਾਰਤ ਦੇ ਨਾਲ, ਵਾਇਵ ਐਜੂਕੇਸ਼ਨ, ਵਾਇਵ ਕਿਤਾਬਾਂ ਦੀ ਇੱਕ ਵੰਡ, ਫਾਊਂਡੇਸ਼ਨਲ, ਪ੍ਰੈਪਰੇਟਰੀ, ਮਿਡਲ ਅਤੇ ਸੈਕੰਡਰੀ ਪੱਧਰਾਂ ਲਈ ਨਵੀਨਤਾਕਾਰੀ, ਰੁਝੇਵਿਆਂ ਅਤੇ ਪਾਠਕ੍ਰਮ-ਅਲਾਈਨ ਸਮੱਗਰੀ ਪ੍ਰਦਾਨ ਕਰਨ 'ਤੇ ਕੇਂਦ੍ਰਿਤ ਹੈ। ਉੱਤਮਤਾ ਪ੍ਰਤੀ ਆਪਣੀ ਵਚਨਬੱਧਤਾ ਲਈ ਜਾਣੀ ਜਾਂਦੀ ਹੈ, ਵੀਵਾ ਐਜੂਕੇਸ਼ਨ ਅਜਿਹੀਆਂ ਕਿਤਾਬਾਂ ਵਿਕਸਤ ਕਰਦੀ ਹੈ ਜੋ ਵਿਹਾਰਕ ਸਿੱਖਿਆ, ਆਲੋਚਨਾਤਮਕ ਸੋਚ, ਰਚਨਾਤਮਕਤਾ ਅਤੇ ਹੁਨਰ ਵਿਕਾਸ ਨੂੰ ਉਤਸ਼ਾਹਿਤ ਕਰਨ ਦੇ ਨਾਲ ਅਕਾਦਮਿਕ ਕਠੋਰਤਾ ਨੂੰ ਜੋੜਦੀਆਂ ਹਨ। ਡਿਜੀਟਲ ਟੂਲਸ ਅਤੇ ਏਆਈ-ਸੰਚਾਲਿਤ ਹੱਲਾਂ ਸਮੇਤ, ਰਵਾਇਤੀ ਮੁੱਲਾਂ ਅਤੇ ਆਧੁਨਿਕ ਤਕਨਾਲੋਜੀ ਦੇ ਸੁਮੇਲ ਨਾਲ, ਵੀਵਾ ਐਜੂਕੇਸ਼ਨ ਸਿੱਖਣ ਦੇ ਭਵਿੱਖ ਨੂੰ ਆਕਾਰ ਦੇ ਰਹੀ ਹੈ।

ਵਿਜੈ ਗਰਗ ਰਿਟਾਇਰਡ ਪ੍ਰਿੰਸੀਪਲ
ਐਜੂਕੇਸ਼ਨਲ ਕਾਲਮਨਿਸਟ ਸਟਰੀਟ
ਕੌਰ ਚੰਦ ਐਮ ਐਚ ਆਰ ਮਲੋਟ
ਪੰਜਾਬ






## ਸੀਬੀਐਸਈ/ਆਈਸੀਐਸਈ/ਸਟੇਟ ਬੋਰਡ ਪ੍ਰੀਖਿਆਵਾਂ ਬਹੁਤ ਨੇੜੇ ਹਨ: ਤਣਾਅ ਨੂੰ ਕਿਵੇਂ ਦੂਰ ਰੱਖਣਾ ਹੈ



ਜਿਵੇਂ-ਜਿਵੇਂ 15 ਫਰਵਰੀ ਤੇਜ਼ੀ ਨਾਲ ਨੇੜੇ ਆ ਰਹੀ ਹੈ, ਹਜ਼ਾਰਾਂ ਵਿਦਿਆਰਥੀ ਜੋ ਬੋਰਡ ਇਮਤਿਹਾਨਾਂ ਲਈ ਬੈਠ ਰਹੇ ਹਨ, ਉਨ੍ਹਾਂ ਦੇ ਚਿੰਤਾਜਨਕ ਅਤੇ ਤਣਾਅ ਵਿੱਚ ਹੋਣ ਦੀ ਸੰਭਾਵਨਾ ਹੈ। "ਕੀ ਮੈਂ ਕਾਫ਼ੀ ਤਿਆਰੀ ਕੀਤੀ ਹੈ? ਕੀ ਕੋਈ ਅਜਿਹੀ ਚੀਜ਼ ਹੈ ਜੋ ਮੈਂ ਖੁੰਝ ਗਈ ਹੈ? ਕੀ ਮੈਨੂੰ ਉਸ ਵਿਸ਼ੇ 'ਤੇ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ? ਤੁਹਾਡਾ ਮਨ ਕਈ ਅਜਿਹੇ ਵਿਚਾਰਾਂ ਨਾਲ ਭੜਕਿਆ ਹੋਵੇਗਾ। ਵਿਸ਼ਿਆਂ ਦਾ ਜਿੰਨਾ ਮਰਜ਼ੀ ਅਧਿਐਨ ਅਤੇ ਸੰਸ਼ੋਧਨ ਕਰੋ, ਸੰਤੁਸ਼ਟੀ ਦੀ ਭਾਵਨਾ ਪ੍ਰਾਪਤ ਕਰਨਾ ਮੁਸ਼ਕਲ ਹੈ। ਤੁਸੀਂ ਆਪਣੀਆਂ ਤੰਤੂਆਂ ਨੂੰ ਸਥਿਰ ਕਰਨ ਅਤੇ ਆਪਣੇ ਠੰਢੇ ਰੱਖਣ ਲਈ ਕੀ ਕਰ ਸਕਦੇ ਹੋ? "ਬੋਰਡ ਦੀਆਂ ਪ੍ਰੀਖਿਆਵਾਂ ਕਿਸੇ ਵੀ ਹੋਰ ਪ੍ਰੀਖਿਆ ਵਾਂਗ ਹੁੰਦੀਆਂ ਹਨ। ਫਰਕ ਸਿਰਫ ਇਹ ਹੈ ਕਿ ਉਹ ਕਿਸੇ ਹੋਰ ਸਕੂਲ ਵਿੱਚ ਰੱਖੇ ਜਾਂਦੇ ਹਨ। ਇਸ ਲਈ ਵਿਦਿਆਰਥੀਆਂ ਨੂੰ ਘਬਰਾਉਣ ਦੀ ਕੋਈ ਲੋੜ ਨਹੀਂ ਹੈ ਅਤੇ ਉਨ੍ਹਾਂ ਨੂੰ ਉਸ ਆਮ ਰੁਟੀਨ ਨਾਲ ਜੁੜੇ ਰਹਿਣਾ ਚਾਹੀਦਾ ਹੈ ਜਿਸਦੀ ਉਹ ਰੋਜ਼ਾਨਾ ਪਾਲਣਾ ਕਰਦੇ ਹਨ।

ਅਧਿਐਨ ਸੁਝਾਅ ਤਿਆਰੀ ਦੀ ਰਣਨੀਤੀ ਦਾ ਹੋਣਾ ਬਹੁਤ ਜ਼ਰੂਰੀ ਹੈ। ਇਮਤਿਹਾਨਾਂ ਵਿੱਚ ਸਿਰਫ਼ ਅੱਧਾ ਮਹੀਨਾ ਬਾਕੀ ਰਹਿ ਗਿਆ ਹੈ, ਤੁਸੀਂ ਸਮੇਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਕਿਵੇਂ ਵਰਤ ਸਕਦੇ ਹੋ? "ਵਿਦਿਆਰਥੀਆਂ ਨੂੰ ਹਰ ਵਿਸ਼ੇ ਲਈ ਆਪਣਾ ਸਮਾਂ ਵੰਡਣਾ ਚਾਹੀਦਾ ਹੈ। ਉਨ੍ਹਾਂ ਨੂੰ ਪਹਿਲੇ ਪੇਪਰ ਦੀ ਆਖਰੀ ਅਤੇ ਆਖਰੀ ਪੇਪਰ ਲਈ ਪਹਿਲਾਂ ਤਿਆਰੀ ਕਰਨੀ ਚਾਹੀਦੀ ਹੈ, "ਜੀਜੀ ਸੀਨੀਅਰ ਸੈਕੰਡਰੀ ਸਕੂਲ, ਐਮਐਚਆਰ ਮਲੋਟ ਦੇ ਸੇਵਾਮੁਕਤ ਪ੍ਰਿੰਸੀਪਲ ਵਿਜੇ ਗਰਗ ਕਹਿੰਦੇ ਹਨ। "ਸਵੇਰੇ ਸਵੇਰ ਦੇ ਘੰਟੇ ਸੰਸ਼ੋਧਨ ਲਈ ਸਭ ਤੋਂ ਵਧੀਆ ਸਮਾਂ ਹੁੰਦੇ ਹਨ ਕਿਉਂਕਿ ਧਾਰਨ ਬਿਹਤਰ ਹੁੰਦਾ ਹੈ ਅਤੇ ਸਰੀਰ ਅਤੇ ਦਿਮਾਗ ਤਾਜ਼ਾ ਹੁੰਦੇ ਹਨ," ਉਹ ਸਲਾਹ ਦਿੰਦਾ ਹੈ। ਨੋਟਬੰਦੀ ਇੱਕ ਪ੍ਰਭਾਵਸ਼ਾਲੀ ਤਰੀਕਾ ਹੈ ਜੋ ਤੁਹਾਡੇ ਬਚਾਅ ਲਈ ਆ ਸਕਦਾ ਹੈ।

"ਵਿਦਿਆਰਥੀਆਂ ਨੂੰ ਮੁੱਖ ਬਿੰਦੂਆਂ ਦੇ ਨੋਟ ਤਿਆਰ ਕਰਨੇ ਚਾਹੀਦੇ ਹਨ ਕਿਉਂਕਿ ਆਖਰੀ ਸਮੇਂ ਵਿੱਚ, ਪੂਰੇ ਸਿਲੇਬਸ ਨੂੰ ਸ਼ੁਰੂ ਤੋਂ ਸੋਧਣਾ ਸੰਭਵ ਨਹੀਂ ਹੈ। ਨੋਟਸ ਉਹਨਾਂ ਲਈ ਮੈਮੋਰੀ ਤੋਂ ਜਲਦੀ ਯਾਦ ਕਰਨਾ ਆਸਾਨ ਬਣਾਉਂਦੇ ਹਨ।" ਇੱਕ ਹੋਰ ਟੈਸਟ ਕੀਤਾ ਗਿਆ ਤਰੀਕਾ ਪਿਛਲੇ ਸਾਲਾਂ ਦੇ ਪ੍ਰਸ਼ਨ ਪੱਤਰਾਂ ਅਤੇ ਨਮੂਨਾ ਪੇਪਰਾਂ ਨੂੰ ਹੱਲ ਕਰਨਾ ਹੈ। "ਵਿਦਿਆਰਥੀ ਘਰ ਬੈਠੇ ਪ੍ਰੀਖਿਆ ਦੀ ਨਕਲ ਕਰ ਸਕਦੇ ਹਨ। ਇਹ ਉਹਨਾਂ ਨੂੰ ਅੰਦਾਜ਼ਾ ਦੇਵੇਗਾ ਕਿ ਉਹ ਪੇਪਰ ਹੱਲ ਕਰਨ ਵਿੱਚ ਕਿੰਨਾ ਸਮਾਂ ਲੈ ਰਹੇ ਹਨ। ਨਤੀਜੇ ਦੇ ਆਧਾਰ 'ਤੇ, ਉਹ ਆਪਣੀ ਗਤੀ ਅਤੇ ਸ਼ੁੱਧਤਾ ਵਿੱਚ ਸੁਧਾਰ ਕਰ ਸਕਦੇ ਹਨ। ਉਹ ਜਿੰਨੇ ਜ਼ਿਆਦਾ ਨਮੂਨੇ ਦੇ ਪੇਪਰਾਂ ਨੂੰ ਹੱਲ ਕਰਦੇ ਹਨ, ਉਹ ਓਨਾ ਹੀ ਜ਼ਿਆਦਾ ਆਤਮਵਿਸ਼ਵਾਸ ਰੱਖਦੇ ਹਨ, "ਸ੍ਰੀ ਗਰਗ ਕਹਿੰਦਾ ਹੈ ਆਪਣੇ ਬੱਚੇ ਦੀ ਸਫ਼ਲਤਾ ਵਿੱਚ ਮਾਪਿਆਂ ਦੀ ਵੀ ਅਹਿਮ ਭੂਮਿਕਾ ਹੁੰਦੀ ਹੈ।

ਉਹ ਸਹਾਇਕ ਅਤੇ ਉਤਸ਼ਾਹਜਨਕ ਹੋਣੇ ਚਾਹੀਦੇ ਹਨ ਅਤੇ ਵਿਦਿਆਰਥੀਆਂ ਨੂੰ ਸਵੈ-ਅਨੁਸ਼ਾਸਨ, ਸਵੈ-ਵਿਸ਼ਵਾਸ ਅਤੇ ਪ੍ਰਾਪਤੀ ਦੀ ਭਾਵਨਾ ਵਿਕਸਿਤ ਕਰਨ ਵਿੱਚ ਮਦਦ ਕਰਦੇ ਹਨ। ਇਹ ਉਸ ਦੇ ਮਨੋਬਲ ਨੂੰ ਵਧਾਉਣ ਵਿੱਚ ਇੱਕ ਲੰਮਾ ਸਫ਼ਰ ਤੈਅ ਕਰੇਗਾ। ਸਮੂਹ ਅਧਿਐਨ ਅਧਿਐਨ ਦਾ ਇੱਕ ਪ੍ਰਸਿੱਧ ਢੰਗ ਹੈ। ਪਰ ਕੀ ਇਹ ਹਮੇਸ਼ਾ ਪ੍ਰਭਾਵਸ਼ਾਲੀ ਹੈ? "ਹਾਲਾਂਕਿ ਇਹ ਸ਼ੰਕਿਆਂ ਅਤੇ ਧਾਰਨਾਵਾਂ ਨੂੰ ਦੂਰ ਕਰਨ ਵਿੱਚ ਮਦਦ ਕਰ ਸਕਦਾ ਹੈ, ਪਰ ਇਹ ਧਾਰਨ ਵਿੱਚ ਮਦਦ ਨਹੀਂ ਕਰਦਾ। ਅੰਤਿਮ ਸੰਸ਼ੋਧਨ ਲਈ, ਸਵੈ-ਅਧਿਐਨ ਸਭ ਤੋਂ ਵਧੀਆ ਹੈ," ਗਰਗ ਕਹਿੰਦਾ ਹੈ। ਜੀਵਨਸ਼ੈਲੀ ਸੁਝਾਅ ਇਮਤਿਹਾਨਾਂ ਦੌਰਾਨ, ਵਿਦਿਆਰਥੀਆਂ ਦੇ ਤਣਾਅ ਦਾ ਪੱਧਰ ਆਮ ਤੌਰ 'ਤੇ ਛੱਤ ਤੋਂ ਲੰਘਦਾ ਹੈ। ਇਸ ਨਾਲ ਬਹੁਤ ਜ਼ਿਆਦਾ ਖਾਣਾ, ਸੌਣ ਵਿੱਚ ਤਕਲੀਫ਼ ਆਦਿ ਹੋ ਜਾਂਦਾ ਹੈ। ਕੋਈ ਇਸ ਨਾਲ ਕਿਵੇਂ ਨਜਿੱਠ ਸਕਦਾ ਹੈ? "ਵਿਦਿਆਰਥੀਆਂ ਨੂੰ ਹਲਕੀ ਖ਼ੁਰਾਕ ਰੱਖਣੀ ਚਾਹੀਦੀ ਹੈ। ਇਸ ਨਾਲ ਉਹ ਤਾਜ਼ੇ ਰਹਿਣਗੇ ਅਤੇ ਪੜ੍ਹਾਈ ਦੌਰਾਨ ਨੀਂਦ ਨਹੀਂ ਆਵੇਗੀ।

ਨਾਸ਼ਤੇ ਵਿੱਚ ਹਲਕੇ ਭੋਜਨ ਜਿਵੇਂ ਦਲੀਆ ਜਾਂ ਅਨਾਜ ਸ਼ਾਮਲ ਹੋ ਸਕਦੇ ਹਨ। ਫਲ ਅਤੇ ਸੁੱਕੇ ਮੇਵੇ ਜ਼ਰੂਰੀ ਵਿਟਾਮਿਨ ਅਤੇ ਪ੍ਰੋਟੀਨ ਨਾਲ ਭਰਪੂਰ ਹੁੰਦੇ ਹਨ ਅਤੇ ਇਨ੍ਹਾਂ ਦੀ ਮਾਤਰਾ ਨੂੰ ਵਧਾਉਣਾ ਚਾਹੀਦਾ ਹੈ। ਜਦੋਂ ਵੀ ਵਿਦਿਆਰਥੀ ਭੁੱਖ ਮਹਿਸੂਸ ਕਰਦੇ ਹਨ ਜਾਂ ਥੋੜ੍ਹੀ ਜਿਹੀ ਸੁਸਤ ਮਹਿਸੂਸ ਕਰਦੇ ਹਨ, ਤਾਂ ਉਨ੍ਹਾਂ ਨੂੰ ਅਮਰੂਦ, ਸੇਬ, ਕੇਲਾ ਆਦਿ ਵਰਗੇ ਫਲਾਂ ਦੀ ਖੁਰਾਕ ਲਈ ਜਾਣਾ ਚਾਹੀਦਾ ਹੈ। ਨਾਲ ਹੀ, ਜੇਕਰ ਤੁਹਾਨੂੰ ਕਿਸੇ ਚੀਜ਼ ਨੂੰ ਚੂਸਣ ਦੀ ਇੱਛਾ ਹੁੰਦੀ ਹੈ, ਤਾਂ ਸੁੱਕੇ ਮੇਵੇ ਨੂੰ ਹੱਥੀਂ ਰੱਖਿਆ ਜਾ ਸਕਦਾ ਹੈ, "ਗਰਗ ਕਹਿੰਦਾ ਹੈ ਕਾਉਂਸਲਿੰਗ ਵਿਦਿਆਰਥੀਆਂ ਦੇ ਤਣਾਅ ਤੋਂ ਛੁਟਕਾਰਾ ਪਾਉਣ ਲਈ, ਸੀਬੀਐਸਈ ਨੇ ਇੱਕ ਹੈਲਪਲਾਈਨ ਸ਼ੁਰੂ ਕੀਤੀ ਹੈ ਜਿੱਥੇ ਸਕੂਲ ਦੇ ਪ੍ਰਿੰਸੀਪਲ, ਅਧਿਆਪਕ ਅਤੇ ਸਿਖਲਾਈ ਪ੍ਰਾਪਤ ਕਾਉਂਸਲਰ ਵਿਦਿਆਰਥੀਆਂ ਨੂੰ ਸੇਧ ਦੇਣ ਲਈ ਸਵੈ-ਇੱਛਾ ਨਾਲ ਕੰਮ ਕਰਦੇ ਹਨ।

ਕਿਸੇ ਵੀ ਬੋਰਡ ਦੇ ਵਿਦਿਆਰਥੀ ਉਨ੍ਹਾਂ ਨਾਲ ਜੁੜ ਸਕਦੇ ਹਨ ਅਤੇ ਸਲਾਹ ਲੈ ਸਕਦੇ ਹਨ। ਟੋਲ-ਫ੍ਰੀ ਹੈਲਪਲਾਈਨ ਨੰਬਰ 1800118004 ਹੈ ਅਤੇ ਇਹ ਸਵੇਰੇ 8 ਵਜੇ ਤੋਂ ਰਾਤ 10 ਵਜੇ ਤੱਕ ਕੰਮ ਕਰਦਾ ਹੈ। ਪ੍ਰੀਖਿਆ ਦੇ ਦਿਨ ਇਮਤਿਹਾਨ ਦੇ ਦਿਨ, ਇਹ ਜ਼ਰੂਰੀ ਹੈ ਕਿ ਤੁਸੀਂ ਸ਼ਾਂਤ ਅਤੇ ਧਿਆਨ ਕੇਂਦਰਿਤ ਰਹੋ। ਪੇਟ ਵਿਚ ਤਿਤਲੀਆਂ ਦਾ ਆਉਣਾ ਸੁਭਾਵਿਕ ਹੈ। ਯਕੀਨੀ ਬਣਾਉਣ ਲਈਕਿ ਤੁਸੀਂ ਕੁਝ ਵੀ ਨਾ ਗੁਆਓ, ਇੱਕ ਚੈਕਲਿਸਟ ਤਿਆਰ ਕਰੋ। ਆਪਣਾ ਘਰ ਛੱਡਣ ਤੋਂ ਪਹਿਲਾਂ, ਯਕੀਨੀ ਬਣਾਓ ਕਿ ਤੁਹਾਡੇ ਕੋਲ ਹੇਠ ਲਿਖੀਆਂ ਚੀਜ਼ਾਂ ਹਨ: ਪਾਣੀ ਦੀ ਬੋਤਲ, ਵਾਧੂ ਪੈਨ, ਰੂਲਰ, ਪੈਨਸਿਲ, ਇਰੇਜ਼ਰ, ਸ਼ਾਰਪਨਰ, ਘੜੀ ਅਤੇ ਹਾਲ ਟਿਕਟ। ਇੱਥੇ ਉਹਨਾਂ ਚੀਜ਼ਾਂ ਦੀ ਇੱਕ ਸੂਚੀ ਦਿੱਤੀ ਗਈ ਹੈ ਜੋ ਤੁਹਾਨੂੰ ਇਮਤਿਹਾਨ ਲਿਖਣ ਵੇਲੇ ਕਰਨੀਆਂ ਚਾਹੀਦੀਆਂ ਹਨ: ਸ਼ੁਰੂਆਤ ਵਿੱਚ 15 ਮਿੰਟਾਂ ਦਾ ਠੰਢਾ ਸਮਾਂ ਹੁੰਦਾ ਹੈ ਜਿਸ ਵਿੱਚ ਤੁਹਾਨੂੰ ਇਮਤਿਹਾਨ ਲਿਖਣ ਲਈ ਮਿਲਣ ਵਾਲਾ ਸਮਾਂ ਸ਼ਾਮਲ ਨਹੀਂ ਹੁੰਦਾ।

ਪ੍ਰਸ਼ਨ ਪੱਤਰ ਨੂੰ ਧਿਆਨ ਨਾਲ ਪੜ੍ਹਨ ਲਈ ਇਸ ਸਮੇਂ ਦੀ ਵਰਤੋਂ ਕਰੋ। ਹਾਲਾਂਕਿ ਸਲਾਹ ਦਿੱਤੀ ਜਾਂਦੀ ਹੈ, ਸਵਾਲਾਂ ਦੇ ਜਵਾਬ ਇੱਕੋ ਕ੍ਰਮ/ਕ੍ਰਮ ਵਿੱਚ ਦੇਣਾ ਜ਼ਰੂਰੀ ਨਹੀਂ ਹੈ। ਜਿਨ੍ਹਾਂ ਨੂੰ ਤੁਸੀਂ ਪਹਿਲਾਂ ਜਾਣਦੇ ਹੋ ਉਨ੍ਹਾਂ ਦੀ ਕੋਸ਼ਿਸ਼ ਕਰੋ, ਪਰ ਉਹਨਾਂ ਨੂੰ ਸਹੀ ਢੰਗ ਨਾਲ ਨੰਬਰ ਦਿਓ। ਜੇਕਰ ਤੁਹਾਡਾ ਸਮਾਂ ਖਤਮ ਹੋ ਰਿਹਾ ਹੈ, ਤਾਂ ਸਵਾਲ ਛੱਡਣ ਦੀ ਬਜਾਏ ਪੁਆਇੰਟਾਂ ਵਿੱਚ ਜਵਾਬ ਲਿਖੋ। ਚਿੱਤਰਾਂ ਨੂੰ ਸਹੀ ਤਰ੍ਹਾਂ ਲੇਬਲ ਕਰੋ। ਅੰਤ ਵਿੱਚ, ਯਾਦ ਰੱਖੋ ਕਿ ਭਾਵੇਂ ਇਸ ਇਮਤਿਹਾਨ ਵਿੱਚ ਵਧੀਆ ਸਕੋਰ ਪ੍ਰਾਪਤ ਕਰਨਾ ਮਹੱਤਵਪੂਰਨ ਹੈ, ਜੇਕਰ ਤੁਸੀਂ ਉਮੀਦ ਕੀਤੇ ਅੰਕ ਪ੍ਰਾਪਤ ਕਰਨ ਦੇ ਯੋਗ ਨਹੀਂ ਹੋ ਤਾਂ ਇਹ ਸੰਸਾਰ ਦਾ ਅੰਤ ਨਹੀਂ ਹੈ। ਤੁਹਾਡੇ ਲਈ ਬੇਅੰਤ ਮੌਕੇ ਉਡੀਕ ਰਹੇ ਹਨ.

ਵਿਜੈ ਗਰਗ ਰਿਟਾਇਰਡ ਪ੍ਰਿੰਸੀਪਲ
ਐਜੂਕੇਸ਼ਨਲ ਕਾਲਮਨਿਸਟ ਸਟਰੀਟ
ਕੌਰ ਚੰਦ ਐਮ ਐਚ ਆਰ ਮਲੋਟ
ਪੰਜਾਬ

# ਭਾਰਤ ਦੇ ਲੀਹੋਂ ਲਹਿੰਦੇ ਭਵਿੱਖ ਅੱਗੇ ਸੁਪਰੀਮ ਕੋਰਟ ਦਾ ਇੱਕ ਹੋਰ ਸਪੀਡ ਬਰੇਕਰਸ

ਜਤਿੰਦਰ ਪਨੂੰ ਦੀ ਕਲਮ ਤੋਂ



ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਾਡੇ ਵਿੱਚੋਂ ਹਰ ਕਿਸੇ ਦੀ ਖਬਰਾਂ ਦੀ ਰੁਚੀ ਬਾਰੇ ਵੱਖੋ-ਵੱਖ ਪਹਿਲ ਹੋ ਸਕਦੀ ਹੈ, ਅਤੇ ਹੋ ਸਕਦੀ ਨਹੀਂ, ਆਮ ਹੀ ਹੋਇਆ ਕਰਦੀ ਹੈ। ਖਬਰਾਂ ਦੀ ਚਰਚਾ ਕਰਨ ਵਾਲਾ ਜਿਹੜਾ ਕੋਈ ਵੀ ਹੋਵੇ, ਉਹ ਜਦੋਂ ਇਸ ਕੰਮ ਲਈ ਬੈਠਦਾ ਹੈ ਤਾਂ ਆਪਣੇ ਹਿਸਾਬ ਨਾਲ ਸੋਚਦਾ ਹੈ ਕਿ ਆਹ ਗੱਲਾਂ ਇਸ ਵੇਲੇ ਇਸ ਦੇਸ਼ ਅੰਦਰ ਜਾਂ ਬਾਹਰ ਵਿਦੇਸ਼ਾਂ ਵਿੱਚ ਬੈਠੇ ਹੋਏ ਇਸ ਦੇਸ਼ ਨਾਲ ਕੁਝ ਮੋਹ ਦੀ ਤੰਦ ਰੱਖਦੇ ਲੋਕਾਂ ਦੇ ਭਲੇ ਦੀਆਂ ਹੋ ਸਕਦੀਆਂ ਹਨ ਜਾਂ ਉਸ ਦੇ ਹਿਸਾਬ ਨਾਲ ਹੋਣੀਆਂ ਚਾਹੀਦੀਆਂ ਹਨ। ਕਈ ਵਾਰੀ ਇਸ ਸੋਚ ਵਿੱਚ ਚਰਚਾ ਕਰਨ ਵਾਲੇ ਤੇ ਖਬਰਾਂ ਪੜ੍ਹਨ ਜਾਂ ਸੁਣਨ ਵਾਲੇ ਦੀ ਸੋਚ ਦਾ ਪਾੜਾ ਵੀ ਹੁੰਦਾ ਹੈ, ਪਰ ਇੱਕ ਗੱਲ ਬਾਰੇ ਕੋਈ ਪਾੜਾ ਨਹੀਂ ਹੋਣਾ ਚਾਹੀਦਾ ਕਿ ਭਾਰਤ ਹੋਵੇ ਜਾਂ ਕੋਈ ਵੀ ਹੋਰ ਦੇਸ਼, ਬੇਸ਼ੱਕ ਜਿੰਨਾ ਵੀ ਦੇਸ਼-ਪ੍ਰੇਮ ਸਾਡੇ ਮਨਾਂ ਵਿੱਚ ਹੋਵੇ, ਦੇਸ਼ ਨਾਲੋਂ ਉਸ ਦੇਸ਼ ਵਿੱਚ ਰਹਿੰਦੇ ਲੋਕਾਂ ਦਾ ਵੱਧ ਮਹੱਤਵ ਗਿਣਿਆ ਜਾਣਾ ਚਾਹੀਦਾ ਹੈ। ਲੋਕ ਹਨ ਤਾਂ ਦੇਸ਼ ਹੈ, ਬਿਨਾਂ ਲੋਕਾਂ ਤੋਂ ਖਾਲੀ ਵੱਸਦੇ ਟਾਪੂ ਬਥੇਰੇ ਹੋ ਸਕਦੇ ਹਨ, ਉਹ ਦੇਸ਼ ਦਾ ਦਰਜਾ ਨਹੀਂ ਰੱਖ ਸਕਦੇ, ਇਸ ਲਈ ਮਹੱਤਵ ਦੇਸ਼ ਤੋਂ ਵੱਧ ਲੋਕਾਂ ਦਾ ਹੁੰਦਾ ਹੈ। ਭਾਰਤ ਦੇ ਭਵਿੱਖ ਬਾਰੇ ਸੋਚਣ ਵੇਲੇ ਵੀ ਏਸੇ ਲਈ ਸਾਡੇ ਮਨਾਂ ਉੱਤੇ ਭਾਰਤ ਨਾਲੋਂ ਵੱਧ ਭਾਰਤੀ ਲੋਕਾਂ ਦਾ ਭਵਿੱਖ ਭਾਰੂ ਹੈ।

ਜਿਸ ਪੰਜਾਬ ਵਿੱਚ ਬੈਠ ਕੇ ਇਹ ਸਤਰਾਂ ਲਿਖੀਆਂ ਜਾ ਰਹੀਆਂ ਹਨ, ਉਸ ਵਿੱਚ ਇਸ ਵੇਲੇ ਕਿਸਾਨਾਂ ਦੇ ਸੰਘਰਸ਼ ਦਾ ਮੁੱਦਾ ਬੜਾ ਅਹਿਮ ਹੈ ਅਤੇ ਉਹ ਪੰਜਾਬ ਅਤੇ ਹਰਿਆਣੇ ਵਿਚਾਲੜੀ ਹੱਦ ਉੱਤੇ ਆਏ ਦਿਨ ਹਰਿਆਣਾ ਪੁਲਸ ਕੋਲੋਂ ਕੁੱਟ ਖਾਂਦੇ ਅਤੇ ਅੱਥਰੂ ਗੈਸ ਦੇ ਗੋਲਿਆਂ ਨਾਲ ਅੱਖਾਂ ਖਰਾਬ ਕਰਵਾਉਂਦੇ ਹਨ। ਅੰਮ੍ਰਿਤਸਰ ਵਿੱਚ ਸ੍ਰੀ ਅਕਾਲ ਤਖਤ ਦੇ ਆਦੇਸ਼ ਉੱਤੇ ਅਕਾਲੀ ਆਗੂਆਂ ਨੇ ਲੱਗੀ ਹੋਈ ਤਨਖਾਹ ਰੂਪੀ ਸੇਵਾ ਪੂਰੀ ਕਰ ਲੈਣ ਦਾ ਦਾਅਵਾ ਕਰ ਦਿੱਤਾ ਹੈ, ਪੰਜਾਬ ਦੇ ਆਮ ਲੋਕ ਵੀ ਤੇ ਖਾਸ ਤੌਰ ਉੱਤੇ ਆਮ ਸਿੱਖ ਵੀ ਉਨ੍ਹਾਂ ਦੇ ਇਸ ਦਾਅਵੇ ਦੀ ਹਾਮੀ ਨਹੀਂ ਭਰਦੇ। ਅਕਾਲੀ ਆਗੂਆਂ ਦਾ ਮਕਸਦ ਕੀਤੇ ਹੋਏ ਗੁਨਾਹਾਂ ਦੇ ਬੋਝ ਤੋਂ ਆਪਣੀ ਜ਼ਮੀਰ ਮੁਕਤ ਕਰਨ ਤੋਂਵੱਧ ਢਾਈ ਸਾਲ ਹੋਰ ਲੰਘਾ ਕੇ ਆਉਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਸੀਟਾਂ ਵਧਾਉਣਾ ਅਤੇ ਜੇ ਦਾਅ ਲੱਗਦਾ ਹੈ ਤਾਂ ਰਾਜ-ਭਾਗ ਦੇ ਗਲਿਆਰਿਆਂ ਤੱਕ ਪਹੁੰਚ ਦਾ ਜੁਗਾੜ ਕਰਨਾ ਸੀ। ਜਿਨ੍ਹਾਂ ਨੇ ਰਾਜਸੀ ਲਾਭਾਂ ਖਾਤਰ ਪਹਿਲਾਂ ਧਾਰਮਿਕ ਖੇਤਰ ਦੀ ਸਭ ਵੱਡੀ ਸੰਸਥਾ ਦਾ ਮਾਣ ਸਤਿਕਾਰ ਦਾਅ ਉੱਤੇ ਲਾਉਣ ਤੋਂ ਗੁਰੇਜ਼ ਨਹੀਂ ਕੀਤਾ, ਵਾਦੜੀਆਂ-ਸਜਾਦੜੀਆਂ ਸਿਰਾਂ ਨਾਲ ਨਿਭਣ ਦੇ ਮੁਹਾਵਰੇ ਵਾਂਗ ਉਹ ਭਵਿੱਖ ਵਿੱਚ ਵੀ ਏਦਾਂ ਦੀਆਂ ਚੁਸਤੀਆਂ ਕਰਨੋਂ ਹਟਣ ਨਹੀਂ ਲੱਗੇ। ਇਨ੍ਹਾਂ ਗੱਲਾਂ ਦੀ ਚਰਚਾ ਨੂੰ ਪਹਿਲ ਦੇਣ ਦਾ ਸਮਾਂ ਜਦੋਂ ਆਵੇਗਾ ਤਾਂ ਉਹ ਕਰਾਂਗੇ, ਇਹ ਵਕਤ ਪੰਜਾਬ ਸਮੇਤ ਸਮੁੱਚੇ ਭਾਰਤ ਦੇ ਭਵਿੱਖ ਨੂੰ ਘੇਰਨ ਵਾਲੇ ਖਤਰੇ ਬਾਰੇ ਸੁਚੇਤ ਹੋਣ ਦਾ ਹੈ, ਜਿਸ ਦੇ ਲਈ ਸੁਪਰੀਮ ਕੋਰਟ ਨੇ ਇੱਕ ਸਪੀਡ ਬਰੇਕਰ ਹਾਲ ਦੀ ਘੜੀ ਲਾ ਦਿੱਤਾ ਹੈ।

ਇਸ ਦੇਸ਼ ਦੀ ਯੁੱਗਾਂ ਪੁਰਾਣੀ ਸੱਭਿਅਤਾ ਤੇ ਪੁਰਾਣੀਆਂ ਸੱਭਿਅਤਾਵਾਂ ਦੇ ਕਈ ਥਾਂਈਂ ਖਿੱਲਰ ਜਾਣ ਦੇ ਬਾਅਦ ਵੀ ਇਸ ਦੇਸ਼ ਦੇ ਲਗਭਗ ਜੁੜੇ ਰਹਿਣ ਦੇ ਇਤਿਹਾਸ ਦੀ ਸਾਂਝੀ ਤੰਦ ਆਮ ਲੋਕਾਂ ਦੀ 'ਏਕਤਾ ਵਿੱਚ ਅਨੇਕਤਾ' ਅਤੇ ਅਗਲੇ ਕਦਮ ਵਜੋਂ 'ਅਨੇਕਤਾ ਦੇ ਆਸਰੇ ਏਕਤਾ' ਨਾਲ ਬੱਝੇਰਹਿਣਾ ਹੈ। ਅੱਜ ਦੇ ਸਮੇਂ ਵਿੱਚ ਉਹ ਤੰਦ ਤੇ ਉਸ ਤੰਦ ਨੂੰ ਜੋੜੀ ਰੱਖਣ ਵਾਲੀ ਮਾਨਸਿਕਤਾ ਨੂੰ ਰਾਜਨੀਤੀ ਦੀਆਂ ਕੁੰਡੀਆਂ ਪਾ ਕੇ ਹਿਲਾਇਆ ਜਾ ਰਿਹਾ ਹੈ। ਰਾਜਨੀਤੀ ਦੇ ਧਨੰਤਰ ਥੋੜ੍ਹ-ਚਿਰੇ ਲਾਭਾਂ ਪਿੱਛੇ ਫਿਰਕੂ ਮੁੱਦਿਆਂ ਨੂੰ ਸਿਰਫ ਉਭਾਰਦੇ ਨਹੀਂ, ਦੱਬੇ ਮੁਰਦੇ ਪੁੱਟਣ ਦਾ ਕੰਮ ਵੀ ਲਗਾਤਾਰ ਕਰਦੇ ਅਤੇ ਕਰਾਉਂਦੇ ਫਿਰਦੇ ਹਨ। ਮਸਜਿਦਾਂ ਅਤੇ ਮੰਦਰਾਂ ਬਾਰੇ ਅੱਜਕੱਲ੍ਹ ਉੱਠਦੇ ਵਿਵਾਦ ਏਸੇ ਖੇਡ ਦਾ ਹਿੱਸਾ ਹਨ।

ਭਾਰਤ ਸੁਖੀ ਵੱਸਦਾ ਸੀ, ਜਦੋਂ ਅਚਾਨਕ ਰਾਜਨੀਤਕ ਲਾਭਾਂ ਲਈ ਕੇਂਦਰੀ ਰਾਜਨੀਤੀ ਦੀਆਂ ਦੋ ਧਿਰਾਂ ਕਾਂਗਰਸ ਤੇ ਭਾਜਪਾ ਵਿੱਚ ਦੇਸ਼ ਦੀ ਬਹੁ-ਗਿਣਤੀ ਵਾਲੇ ਭਾਈਚਾਰੇ ਲਈ ਵੱਡੇ ਹਿਤੈਸ਼ੀ ਬਣ ਕੇ ਵਿਖਾਉਣ ਦੀ ਦੌੜ ਅਚਾਨਕ ਲੱਗ ਗਈ ਤੇ ਫਿਰ ਉਹ ਅੱਜ ਤੱਕ ਸਾਡੇ ਗਲੋਂ ਨਹੀਂ ਲੱਥ ਸਕੀ। ਜਨਤਾ ਪਾਰਟੀ ਦੇ ਦੋ ਵੱਡੇ ਆਗੂਆਂ ਮੋਰਾਰਜੀ ਡਿਸਾਈ ਤੇ ਚੌਧਰੀ ਚਰਨ ਸਿੰਘ ਦੀ ਲੜਾਈ ਜਦੋਂ ਭਾਰਤ ਦੀ ਪਹਿਲੀ ਗੈਰ-ਕਾਂਗਰਸੀ ਸਰਕਾਰ ਦਾ ਖਾਤਮਾ ਕਰਨ ਤੱਕ ਲੈ ਗਈ ਤਾਂ ਰਾਜ ਕਰਦੀ ਉਸ ਪਾਰਟੀ ਦੇ ਕਈ ਟੋਟੇ ਹੋ ਗਏ। ਇਨ੍ਹਾਂ ਵਿੱਚੋਂ ਇੱਕ ਹਿੱਸਾ ਪੁਰਾਣੇ ਜਨ ਸੰਘੀਏ ਅਤੇ ਆਰ ਐੱਸ ਐੱਸ ਵਰਗੀ ਇੱਕ ਧਰਮ ਦੇ ਰਾਜ ਦੀ ਧਾਰਨਾ ਨੂੰ ਸਮੱਰਪਤ ਧਿਰ ਨੂੰ ਮਾਈ-ਬਾਪ ਮੰਨਦੇ ਲੋਕਾਂ ਨੇ ਹਿੰਦੂਤੱਵ ਦੀ ਸਰਦਾਰੀ ਦੀ ਸੋਚ ਨਾਲ ਇੱਕ ਨਵੀਂ ਰਾਜਸੀ ਧਿਰ, ਭਾਰਤੀ ਜਨਤਾ ਪਰਟੀ ਬਣਾ ਲਈ। ਉਸ ਦੇ ਮੁਕਾਬਲੇ ਦੀ ਕੋਈ ਸਾਰਥਿਕ ਪਹੁੰਚ ਅਪਣਾਉਣ ਤੇ ਦੇਸ਼ ਦੇ ਲੋਕਾਂ ਨੂੰ ਧਰਮ-ਨਿਰਪੱਖਤਾ ਦੀ ਰਾਖੀ ਕਰਨ ਲਈ ਜਾਗਰਤ ਕਰਨ ਦੀ ਬਜਾਏ ਉਸ ਵਕਤ ਦੇ ਕਾਂਗਰਸ ਦੇ ਲੀਡਰਾਂ ਨੇ ਇਨ੍ਹਾਂ ਤੋਂਵੱਧ ਹਿੰਦੂ ਹਿਤੈਸ਼ੀ ਬਣਨ ਲਈ ਚਿਰਾਂ ਤੋਂ ਬੰਦ ਰੱਖੇ 'ਬਾਬਰੀ ਮਸਜਿਦ ਬਨਾਮ ਰਾਮ ਜਨਮ ਭੂਮੀ ਮੰਦਰ' ਵਾਲੇ ਸਥਾਨ ਦਾ ਤਾਲਾ ਖੋਲ੍ਹ ਕੇ ਪੂਜਾ ਕੀਤੀ ਤਾਂ ਭਾਜਪਾ ਆਗੂਆਂ ਨੂੰ ਇਹ ਕਹਿਣ ਲਈ ਮੌਕਾ ਮਿਲ ਗਿਆ ਕਿ ਜਦੋਂ ਕਾਂਗਰਸੀ ਵੀ ਵਿਵਾਦਤ ਸਥਾਨ ਨੂੰ ਭਗਵਾਨ ਰਾਮ ਦਾ ਜਨਮ ਸਥਾਨ ਮੰਨ ਕੇ ਪੂਜਾ ਕਰਨ ਜਾ ਪੁੱਜੇ ਹਨ ਤਾਂ ਬਾਬਰੀ ਮਸਜਿਦ ਢਾਹ ਕੇ ਮੰਦਰ ਬਣਾ ਦੇਣਾ ਚਾਹੀਦਾ ਹੈ। ਦੇਸ਼ ਦੀ ਪਾਰਲੀਮੈਂਟ ਵਿੱਚ ਸਿਰਫ ਦੋ ਸੀਟਾਂ ਤੱਕ ਸੁੰਗੜ ਚੁੱਕੀ ਇਸ ਪਾਰਟੀ ਦੇ ਮੁਖੀ ਲਾਲ ਕ੍ਰਿਸ਼ਨ ਅਡਵਾਨੀ ਨੇ ਜਦੋਂ ਰੱਥ ਯਾਤਰਾ ਸ਼ੁਰੂ ਕੀਤੀ ਤਾਂ ਥਾਂ-ਥਾਂ ਦੰਗੇ ਹੋਣ ਲੱਗ ਪਏ ਤੇ ਭਾਰਤੀਲੋਕਾਂ ਦਾ ਇੱਕ ਜਾਂ ਦੂਸਰੇ ਧਰਮ ਦੇ ਝੰਡੇ ਹੇਠ ਧਰੁਵੀਕਰਨ ਦਾ ਦੌਰ ਨਵੇਂ ਰੂਪ ਵਿੱਚ ਚੱਲ ਪਿਆ। ਕਾਂਗਰਸੀ ਆਗੂ ਲਾਂਭੇ ਹਟ ਗਏ ਅਤੇ ਪੁਰਾਣੇ ਕਾਂਗਰਸੀਆਂ ਦੀ ਅਗਵਾਈ ਹੇਠ ਜਨਤਾ ਦਲ ਸਰਕਾਰ ਆ ਗਈ, ਫਿਰ ਨਰਸਿਮਹਾ ਰਾਉ ਦੀ ਅਗਵਾਈ ਹੇਠ ਖੱਬੇ ਪੱਖੀਆਂ ਦੀ ਮਦਦ ਨਾਲ ਚੱਲਦੀ ਕਾਂਗਰਸ ਸਰਕਾਰ ਵੀ ਆ ਗਈ, ਪਰ ਜਿਹੜੀ ਫਿਰਕੂ ਲਹਿਰ ਉਠਾਣ ਫੜ ਚੁੱਕੀ ਸੀ, ਉਹ ਫਿਰ ਕਦੇ ਨਹੀਂ ਰੁਕੀ। ਅੰਤ ਨੂੰ ਇੱਕ ਦਿਨ ਬਾਬਰੀ ਮਸਜਿਦ ਦਾ ਢਾਂਚਾ ਢਾਹ ਦਿੱਤਾ ਗਿਆ ਅਤੇ ਪੁਲਾਂ ਹੇਠੋਂ ਲੰਘਿਆ ਪਾਣੀ ਉਸ ਤੋਂ ਬਾਅਦ ਫਿਰ ਕਦੇ ਪਿੱਛੇ ਨਹੀਂ ਮੁੜਿਆ।

ਮੇਰੀ ਪੀੜ੍ਹੀ ਦੇ ਆਮ ਲੋਕਾਂ ਨੂੰ ਵੀ ਯਾਦ ਹੋਵੇਗਾ ਅਤੇ ਸਾਡੇ ਵਰਗੇ ਪੱਤਰਕਾਰਾਂ ਨੂੰ ਉਹ ਦਿਨ ਭੁੱਲ ਨਹੀਂ ਸਕਣੇ, ਜਦੋਂ ਬਾਬਰੀ ਮਸਜਿਦ ਢਾਹੁਣ ਦੀਆਂ ਘਟਨਾਵਾਂ ਵਾਪਰੀਆਂ ਸਨ। ਉਹ ਮਸਜਿਦ ਢਾਹੇ ਜਾਣ ਦੇ ਦਿਨ ਅਸੀਂ ਟੈਲੀਵੀਜ਼ਨ ਸੈੱਟਾਂ ਸਾਹਮਣੇ ਘੰਟਿਆਂ ਬੱਧੀ ਬੈਠੇ ਰਹੇ ਅਤੇ ਕੇਂਦਰ ਦੀ ਸਰਕਾਰ ਦੇ ਇਹ ਐਲਾਨ ਸੁਣਦੇ ਰਹੇ ਕਿ ਮਦਜਿਸ ਦੇ ਢਾਂਚੇ ਦਾ ਨੁਕਸਾਨ ਕਦੇ ਕੋਈ ਨਹੀਂ ਹੋਣ ਦਿੱਤਾ ਜਾਵੇਗਾ, ਕਿਉਂਕਿ ਸੁਰੱਖਿਆ ਬਹੁਤ ਮਜ਼ਬੂਤ ਹੈ। ਫਿਰ ਸਰਕਾਰ ਦੇ ਆਪਣੇ ਟੈਲੀਵੀਜ਼ਨ ਚੈਨਲ ਦੂਰਦਰਸ਼ਨ, ਓਦੋਂ ਦੂਸਰੇ ਚੈਨਲ ਹੁੰਦੇ ਹੀ ਨਹੀਂ ਸਨ, ਨੇ ਨਾਲੋ-ਨਾਲ ਸਭ ਕੁਝ ਵਿਖਾ ਛੱਡਿਆ ਕਿ ਭੀੜ ਕਿਵੇਂ ਰਾਜਸੀ ਲੀਡਰਾਂ ਦੇ ਭਾਸ਼ਣਾਂ ਨਾਲ ਭੜਕੀ ਅਤੇ ਮਸਜਿਦ ਦੇ ਗੁੰਬਦਾਂ ਉੱਤੇ ਜਾ ਚੜ੍ਹੀ ਅਤੇ ਫਿਰ ਕੁਝ ਪਲਾਂ ਦੀ ਦੇਰ ਸੀ, ਉਹ ਗੁੰਬਦ ਡੇਗਣ ਦਾ ਕੰਮ ਵੀ ਸਿਰੇ ਚਾੜ੍ਹ ਦਿੱਤਾ ਗਿਆ। ਇਹ ਸਾਰਾ ਕੁਝ ਦੇਸ਼ ਦੀ ਕਮਾਨ ਸੰਭਾਲ ਰਹੀ ਕਾਂਗਰਸ ਪਾਰਟੀ ਦੀ ਓਦੋਂ ਦੀ ਲੀਡਰਸ਼ਿਪ ਅਤੇ ਭਾਜਪਾ ਆਗੂਆਂ ਦੀਆਂ ਮੀਟਿੰਗਾਂ ਦੇ ਮੁਤਾਬਕ ਹੋਇਆ ਸੀ।

ਜਦੋਂ ਇਸ ਮਕਸਦ ਲਈ ਭੀੜਾਂ ਨੂੰ ਭੜਕਾਇਆ ਜਾ ਰਿਹਾ ਸੀ, ਓਦੋਂ ਪਹਿਲਾ ਨਾਅਰਾ ਇਹ ਸੀ ਕਿ 'ਕਸਮ ਰਾਮ ਕੀ ਖਾਤੇ ਹੈਂ, ਮੰਦਰ ਵਹੀਂ ਬਨਾਏਂਗੇ', ਦੂਸਰਾ ਇਹ ਲਾਇਆ ਗਿਆ ਕਿ 'ਬੱਚਾ-ਬੱਚਾ ਰਾਮ ਕਾ, ਜਨਮ ਭੂਮੀ ਕੇ ਕਾਮ ਕਾ' ਅਤੇ ਫਿਰ ਗੱਲ ਅੱਗੇ ਚਲੀ ਗਈ। ਅਯੁੱਧਿਆ ਵਿੱਚ ਵਧਦੀ ਭੀੜ ਵਿੱਚ ਅਗਲਾ ਨਾਅਰਾ ਇਹ ਸੀ: 'ਰਾਮਾ ਕ੍ਰਿਸ਼ਨਾ ਵਿਸ਼ਵਨਾਥ, ਤੀਨੋਂ ਲੇਂਗੇ ਏਕ ਸਾਥ', ਭਾਵ ਕਿ ਬਾਬਰੀ ਮਸਜਿਦ ਇਕੱਲੀ ਢਾਹੁਣ ਤੱਕ ਨਹੀਂ ਰੁਕਣਾ, ਇਸ ਦੇ ਨਾਲ ਭਗਵਾਨ ਕ੍ਰਿਸ਼ਨ ਦਾ ਮੰਦਰ ਬਣਾਉਣ ਲਈ ਮਥਰਾ ਦੀ ਈਦਗਾਹ ਮਸਜਿਦ ਤੇ ਭਗਵਾਨ ਸ਼ਿਵ ਦਾ ਮੰਦਰ ਬਣਾਉਣ ਲਈ ਵਾਰਾਣਸੀ ਦੀ ਗਿਆਨਵਾਪੀ ਮਸਜਿਦ ਵੀ ਛੁਡਾ ਕੇ ਰਹਿਣਾ ਹੈ। ਜਿਸ ਦਿਨ ਭੜਕਾਈ ਗਈ ਭੀੜ ਬਾਬਰੀ ਮਸਜਿਦ ਨੂੰ ਢਾਹੁਣ ਵੱਲ ਵਧਦੀ ਜਾ ਰਹੀ ਸੀ, ਨਵਾਂ ਨਾਅਰਾ 'ਤੀਨ ਨਹੀਂ, ਅਬ ਤੀਸ ਹਜ਼ਾਰ, ਨਹੀਂ ਬਚੇਗਾ ਕੋਈ ਮਜ਼ਾਰ' ਵਾਲਾ ਵੀ ਸੁਣਨ ਲੱਗ ਪਿਆ। ਮਸਜਿਦ ਢਾਹੇ ਜਾਣ ਦੇ ਵਕਤ ਜਿਹੜੇ ਦ੍ਰਿਸ਼ ਸਰਕਾਰੀ ਕੰਟਰੋਲ ਵਾਲੇ ਦੂਰਦਰਸ਼ਨ ਤੋਂ ਵਿਖਾਏ ਗਏ ਅਤੇ ਜਿਹੜੇ ਨਾਅਰੇ ਸੁਣੇ ਜਾ ਰਹੇ ਸਨ, ਉਨ੍ਹਾਂ ਵਿੱਚ ਇਹ ਨਵਾਂ ਨਾਅਰਾ ਉਸ ਦਿਨ ਪੈਰੋ-ਪੈਰ ਭਾਰਾ ਹੁੰਦਾ ਜਾਂਦਾ ਸੀ ਤੇ ਅਗਲੇ ਬੱਤੀ ਸਾਲਾਂ ਵਿੱਚ ਇਹ ਇਸ ਦੇਸ਼ ਵਿੱਚ ਨਾਅਰਾ ਨਹੀਂ ਰਿਹਾ, ਬਲਕਿ ਇੱਕ ਮੁਹਿੰਮ ਬਣ ਚੁੱਕਾ ਹੈ।

ਪਿਛਲੇ ਸਾਲਾਂ ਵਿੱਚ ਵਾਰਾਣਸੀ ਦੀ ਗਿਆਨਵਾਪੀ ਮਸਜਿਦ ਦੇ ਸਰੇਵਖਣ ਕਰਵਾ ਕੇ ਇਸ ਦੇ ਹੇਠਾਂ ਕੋਈ ਮੰਦਰ ਦੱਬਿਆ ਹੋਇਆ ਲੱਭਣ ਦਾ ਕੇਸ ਅਦਾਲਤਾਂ ਤੱਕ ਗਿਆ ਅਤੇ ਫਿਰ ਮਥਰਾ ਦੀ ਈਦਗਾਹ ਮਸਜਿਦ ਦਾ ਕੇਸ ਵੀ ਉਸ ਦੀ ਪਾਈ ਲੀਹ ਉੱਤੇ ਚੱਲ ਪਿਆ। ਬਾਅਦ ਵਿੱਚ ਇਹੋ ਜਿਹੇ ਕਈ ਕੇਸ ਉੱਠ ਪਏ। ਪਿਛਲੇ ਮਹੀਨੇ ਉੱਤਰ ਪ੍ਰਦੇਸ਼ ਦੇ ਸ਼ਹਿਰ ਸੰਭਲ ਵਿੱਚ ਜਾਮਾ ਮਸਜਿਦ ਦੇ ਹੇਠ ਸ੍ਰੀ ਹਰੀਹਰ ਮੰਦਰ ਹੋਣ ਦੀ ਅਰਜ਼ੀ ਅਦਾਲਤ ਵਿੱਚ ਪਹੁੰਚ ਗਈ, ਇਸ ਦੇ ਬਾਅਦ ਓਸੇ ਰਾਜ ਦੇ ਸ਼ਹਿਰ ਬਦਾਯੂੰ ਦੀ ਇੱਕ ਮਸਜਿਦ ਬਾਰੇ ਇੱਕ ਅਰਜ਼ੀ ਵੀ ਆ ਗਈ। ਕੁਝ ਦਿਨ ਹੋਰ ਲੰਘੇ ਤਾਂ ਰਾਜਸਥਾਨ ਦੇ ਅਜਮੇਰ ਸ਼ਹਿਰ ਵਿੱਚ ਸੰਸਾਰ ਪ੍ਰਸਿੱਧ ਇਸਲਾਮਕ ਅਸਥਾਨ ਦੇ ਖਿਲਾਫ ਇਹ ਹੀ ਮੁੱਦਾ ਏਸੇ ਢੰਗ ਨਾਲ ਚੁੱਕ ਦਿੱਤਾ ਗਿਆ ਅਤੇ ਫਿਰ 'ਤੀਨ ਨਹੀਂ, ਅਬ ਤੀਸ ਹਜ਼ਾਰ' ਵਰਗੀ ਇੱਕ ਬਾਕਾਇਦ ਮੁਹਿੰਮ ਚੱਲ ਪਈ। ਅਦਾਲਤੀ ਕਾਰਵਾਈ ਦੌਰਾਨ ਇੱਕ ਮੁੱਦਾ ਦੂਜੀ ਧਿਰ ਵਾਰ-ਵਾਰ ਉਠਾ ਰਹੀ ਸੀ ਕਿ ਨਰਸਿਮਹਾ ਰਾਓ ਰਾਜ ਦੌਰਾਨ 'ਪਲੇਸਿਜ਼ ਆਫ ਵਰਸ਼ਿਪ ਐਕਟ' ਬਣਾਇਆ ਗਿਆ ਸੀ, ਜਿਹੜਾ ਇਹ ਗਾਰੰਟੀ ਕਰਦਾ ਹੈ ਕਿ ਭਾਰਤ-ਪਾਕਿ ਵੰਡ ਦੇ ਵਕਤ ਜਿਸ ਥਾਂ ਜਿਸ ਧਰਮ ਦਾ ਕੋਈ ਅਸਥਾਨ ਹੈ, ਉਹੀ ਰਹੇਗਾ, ਇਸ ਵਿੱਚ ਕਿਸੇ ਤਰ੍ਹਾਂ ਦੀ ਤਬਦੀਲੀ ਨਹੀਂ ਹੋਵੇਗੀ। ਨਵੀਂ ਮੁਹਿੰਮ ਦੇ ਮੋਹਰੀਆਂ ਜਾਂ ਉਨ੍ਹਾਂ ਨੂੰ ਉਕਸਾਉਣ ਵਾਲਿਆਂ ਨੇ 'ਨਾ ਰਹੇਗਾ ਬਾਂਸ, ਨਾ ਵੱਜੇਗੀ ਬੰਸੁਰੀ' ਦੀ ਸੋਚ ਅਧੀਨ ਭਾਰਤ ਦੀ ਸਭ ਤੋਂ ਵੱਡੀ ਅਦਾਲਤ ਸੁਪਰੀਮ ਕੋਰਟ ਵਿੱਚ ਇਹ ਅਰਜ਼ੀ ਦੇ ਦਿੱਤੀ ਕਿ ਇਹ ਕਾਨੂੰਨ ਫਾਲਤੂਹੈ ਤੇ ਇਹ ਖਤਮ ਕਰ ਦੇਣਾ ਚਾਹੀਦਾ ਹੈ। ਇਸ ਵਕਤ ਇਹ ਕੇਸ ਸੁਪਰੀਮ ਕੋਰਟ ਵਿੱਚ ਹੈ, ਜਿਸ ਦਾ ਫੈਸਲਾ ਕਦੋਂ ਆਵੇਗਾ, ਬੇਸ਼ੱਕ ਕੋਈ ਨਹੀਂ ਜਾਣਦਾ, ਪਰ ਇਸ ਨਾਲ ਇੱਕ ਗੱਲ ਵਕਤੀ ਤੌਰ ਉੱਤੇ ਹੋ ਗਈ ਕਿ ਸੁਪਰੀਮ ਕੋਰਟ ਨੇ ਹੁਕਮ ਦੇ ਦਿੱਤਾ ਕਿ ਜਦੋਂ ਤੱਕ ਓਥੋਂ ਕੋਈ ਫੈਸਲਾ ਨਹੀਂ ਕਰ ਦਿੱਤਾ ਜਾਂਦਾ, ਸਾਰੇ ਦੇਸ਼ ਵਿੱਚ ਕਿਸੇ ਵੀ ਅਦਾਲਤ ਵਿੱਚ ਮੰਦਰ-ਮਸਜਿਦ ਦੇ ਕੇਸਾਂ ਵਾਲੀ ਕੋਈ ਹੋਰ ਅਰਜ਼ੀ ਪੇਸ਼ ਨਹੀਂ ਹੋਵੇਗੀ ਤੇ ਕੋਈ ਅਦਾਲਤ ਇਸ ਬਾਰੇ ਹੁਕਮ ਵੀ ਨਹੀਂ ਦੇਵੇਗੀ। ਸੁਪਰੀਮ ਕੋਰਟ ਦਾ ਆਦੇਸ਼ ਭਵਿੱਖ ਨੂੰ ਲੀਹੋਂ ਲਾਹੁਣ ਦੀ ਮੁਹਿੰਮ ਅੱਗੇ ਇੱਕ ਸਪੀਡ ਬਰੇਕਰ ਹੈ, ਪਰ ਇਹ ਵਕਤੀ ਹੈ, ਜਦੋਂ ਇਸ ਦਾ ਅੰਤਮ ਹੁਕਮ ਕੀਤਾ ਜਾਵੇਗਾ, ਪਤਾ ਨਹੀਂ ਕਿਹੋ ਜਿਹੇ ਜੱਜ ਹੋਣਗੇ ਅਤੇ ਕਿੱਦਾਂ ਦਾ ਹੁਕਮ ਜਾਰੀ ਕਰ ਦੇਣਗੇ।

ਇਸ ਦੌਰਾਨ ਹੋਰ ਮਾੜੀ ਗੱਲ ਇਹ ਹੋਈ ਕਿ ਬੰਗਲਾ ਦੇਸ਼ ਵਿੱਚ ਪ੍ਰਧਾਨ ਮੰਤਰੀ ਸ਼ੇਖ ਹੁਸੀਨ ਵਾਜਿਦ ਦਾ ਤਖਤਾ ਪਲਟਣ ਪਿੱਛੋਂ ਜਿਨ੍ਹਾਂ ਦੇ ਹੱਥ ਵਿੱਚ ਉਸ ਦੇਸ਼ ਦੀ ਕਮਾਂਡ ਆਈ ਹੈ, ਉਨ੍ਹਾਂ ਵਿੱਚ ਮੁਸਲਿਮ ਕੱਟੜਪੰਥੀ ਚੋਖੇ ਹਨ ਅਤੇ ਉਨ੍ਹਾਂ ਦੀ ਅੱਖ ਦੇ ਇਸ਼ਾਰੇ ਨਾਲ ਉਸ ਦੇਸ਼ ਵਿੱਚ ਹਿੰਦੂ ਵਿਰੋਧ ਦੀ ਮੁਹਿੰਮ ਚੱਲ ਪਈ ਹੈ। ਹਿੰਦੂਤੱਵ ਦੇ ਨਾਅਰੇ ਲਾਉਣ ਵਾਲੇ ਗਰੁੱਪਾਂ ਅਤੇ ਸੰਸਥਾਵਾਂ ਨੇ ਇਸ ਮੌਕੇ ਨੂੰ ਬੋਚਿਆ ਅਤੇ ਬੰਗਲਾ ਦੇਸ਼ ਦੇ ਕੱਟੜਪੰਥੀਆਂ ਵਿਰੁੱਧ ਜਲਸੇ-ਜਲੂਸ ਵਰਗੇ ਪ੍ਰੋਗਰਾਮ ਕਰਨੇ ਸ਼ੁਰੂ ਕਰ ਦਿੱਤੇ ਹਨ। ਜਜ਼ਬਾਤੀ ਹੋਏ ਆਮ ਲੋਕ ਇਨ੍ਹਾਂ ਵਿੱਚ ਸ਼ਾਮਲ ਹੁੰਦੇ ਹਨ ਅਤੇ ਉਨ੍ਹਾਂ ਨੂੰ ਗਲਤ ਨਹੀਂ ਕਿਹਾ ਜਾ ਸਕਦਾ, ਪਰ ਇਨ੍ਹਾਂ ਦੀ ਅਗਵਾਈ ਜਿਨ੍ਹਾਂ ਦੇ ਹੱਥ ਹੈ, ਉਹ ਇਸ ਸਰਗਰਮੀ ਵਿੱਚ ਆਪਣੀ ਇੱਕ ਖਾਸ ਰਾਜਨੀਤੀ ਦਾ ਅਗਲਾ ਪੜਾਅ ਵੇਖ ਸਕਦੇ ਹਨ। ਬੰਗਲਾ ਦੇਸ਼ ਹੋਵੇ ਜਾਂ ਪਾਕਿਸਤਾਨ, ਗਵਾਂਢ ਦੇ ਕਿਸੇ ਦੇਸ਼ ਵਿੱਚਜਦੋਂ ਹਿੰਦੂ ਧਰਮ ਦੇ ਵਿਰੋਧ ਤੇ ਓਥੇ ਵੱਸਦੇ ਹਿੰਦੂਆਂ ਉੱਤੇ ਹਮਲੇ ਕਰਨ ਦੀ ਮੁਹਿੰਮ ਤੇਜ਼ ਹੁੰਦੀ ਹੈ, ਆਮ ਲੋਕਾਂ ਵਿੱਚ ਇਸ ਬਾਰੇ ਸੁਭਾਵਕ ਅਸਰ ਅੰਤ ਨੂੰ ਭਾਰਤ ਦੇ ਕੱਟੜਪੰਥੀਆਂ ਦੀ ਹਮਾਇਤ ਦਾ ਵਾਧਾ ਕਰਨ ਦਾ ਕੰਮ ਕਰਦਾ ਹੈ। ਉਨ੍ਹਾਂ ਦੇਸ਼ਾਂ ਵਿੱਚ ਕੁਝ ਹੁੰਦਾ ਕੋਈ ਰੋਕ ਨਹੀਂ ਸਕਦਾ ਅਤੇ ਉਸ ਦਾ ਪ੍ਰਭਾਵ ਭਾਰਤ ਵਿੱਚ ਵੀ ਪੈਣਾ ਹੀ ਪੈਣਾ ਹੈ।

ਇਹ ਹਨ ਭਾਰਤ ਦੇ ਉਹ ਹਾਲਾਤ, ਜਿਨ੍ਹਾਂ ਵਿੱਚ ਵੱਖ-ਵੱਖ ਰਾਜਾਂ ਅਤੇ ਸ਼ਹਿਰਾਂ ਵਿੱਚ ਮਸਜਿਦਾਂ ਦੇ ਸਰਵੇਖਣ ਦੀ ਮੰਗ ਤੇਜ਼ ਹੋਣ ਲੱਗ ਪਈ। ਮਸਲਾ ਧਰਮ ਅਸਥਾਨਾਂ ਦੇ ਭਾਰਤ-ਪਾਕਿ ਵੰਡ ਦੇ ਵਕਤ ਦੀ ਸਥਿਤੀ ਕਾਇਮ ਰੱਖੇ ਜਾਣ ਦੀ ਗਾਰੰਟੀ ਦੇਣ ਦੇ ਕਾਨੂੰਨ ਦਾ ਭੋਗ ਪਾਉਣ ਤੱਕ ਪਹੁੰਚ ਗਿਆ। ਸੁਪਰੀਮ ਕੋਰਟ ਨੇ ਵਕਤ ਦੀ ਠੀਕ ਰੰਗਤ ਨੂੰ ਸਮਝਿਆ ਅਤੇ ਹਾਲ ਦੀ ਘੜੀ ਰੋਕ ਲਾ ਦਿੱਤੀ ਹੈ। ਭਾਰਤ ਦਾ ਭਵਿੱਖ ਅੱਗੋਂ ਕੀ ਹੋਵੇਗਾ, ਕਹਿ ਸਕਣਾ ਔਖਾ ਹੈ।


# ੴ ਸ਼ਹੀਦੀ ਸਮਾਗਮ ੴ

## ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਸੰਗਤਾ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ, ਮਾਲਟਨ ਗੁਰੂਘਰ।

ਦਸਵੀਂ ਪਾਤਿਸ਼ਾਹੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ੍ਰੀ ਮਾਛੀਵਾੜੇ ਸਾਹਿਬ ਦੀ ਧਰਤੀ 'ਤੇ ਪਹੁੰਚਣ ਤੇ ਉਹਨਾਂ ਦੀ ਆਮਦ ਨੂੰ ਮੁੱਖ ਰੱਖਦਿਆਂ ਅਤੇ ਚਾਰੇ ਸਾਹਿਬਜ਼ਾਦੇ ਤੇ ਮਾਤਾ ਗੁਜਰ ਕੌਰ ਤੇ ਸਭਾ ਵਿੱਚ ਸ਼ਹੀਦ ਹੋਏ ਸਾਰੇ ਸਿੰਘਾਂ ਸਿੰਘਣੀਆਂ ਨੂੰ ਸਮਰਪਿਤ ਪਿਛਲੇ ਸਾਲਾਂ ਦੀ ਤਰ੍ਹਾਂ ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਕੀਤੀ ਜਾ ਰਹੀ ਹੈ। ਇਸ ਸਬੰਧ ਵਿਚ ਮਾਲਟਨ ਗੁਰੂ ਘਰ ਵਿਖੇ ਮਿਤੀ 23 ਦਸੰਬਰ ਨੂੰ ਅਖੰਡ ਪਾਠ ਸਾਹਿਬ ਅਰੰਭ ਹੋਣਗੇ ਜਿਹਨਾਂ ਦੇ ਭੋਗ 25 ਦਸੰਬਰ ਨੂੰ ਮੇਨ ਹਾਲ ਵਿੱਚ ਪਾਏ ਜਾਣਗੇ। ਕਿਰਪਾ ਕਰਕੇ ਸਭ ਸੰਗਤ ਤਿੰਨ ਦਿਨ ਗੁਰੂ ਘਰ ਵਿਖੇ ਹੁੰਮ ਹੁਮਾ ਕੇ ਪਹੁੰਚਣ ਦੀ ਕਿਰਪਾਲਤਾ ਕਰੋ ਜੀ ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ - ਗੁਰਪ੍ਰੀਤ ਸਿੰਘ ਉਪਲ 647-207-1887, ਸਤਪਾਲ ਸਿੰਘ ਗਰੇਵਾਲ 519-405-0075, ਜਸਵੰਤ ਸਿੰਘ 647-207-1887, ਉਜਾਗਰ ਸਿੰਘ ਗਿੱਲ 647-203-4090, ਕਾਕਾ ਸਿੰਘ ਤੱਖਰਾ 647-400-9991

The Mortgage Centre
We work for *you*, not the lenders.




Debt Consolidation
Renovations & Repairs
Avoiding High penalities

If you are looking for independent mortgage or protection advice....
We're here to help.
* Competitive rates
* Flexible terms
* Fast approval process

No Credit or becon score check.
No income verifiaction.
Interest payments only.
Pay off high interest debts.
75%-80% LTV.
Must have home equity.....

For more information call:
Jaspal Gahunia (Lic. M08006400)
Direct: 416-677-0047
Office: 416-674-7050
Email: paulpaul202@yahoo.ca
Office - Unit 201-19 Woodbine Downs Blvd, Etobicoke, ON M9W 6N5
-4040 Steeles Avenue West Unit#5 Woodbridge, ON, L4L 4Y5

Rexdale Financial Services

Urgently Need New Listings in Brampton/Caledon
visit: www.teamjagaujla.com



Call JAG AUJLA
MCNE, REAL ESTATE BROKER
DIR: 416-371-7777
j.aujla@rogers.com
www.jagaujla.com

CALL JAG FOR A QUICK & FREE HOME EVALUATION
www BramptonTopRealtor.com www BramptonTopAgent.com
URGENTLY NEED NEW LISTINGS IN THIS AREA
RECENTLY LISTED/SOLD IN YOUR NEIGHBOURHOOD BY JAG AUJLA

NEW Listing in *MISSISSAUGA*
Winston Churchill/Collegeway/Council Ring
Approx. 2000 sq.ft. ਸੈਮੀ-ਡਿਟੈਚਡ ਹਾਊਸ, 4+2 ਬੈਡਰੂਮ, 3 ਵਾਸ਼ਰੂਮ 2 ਬੈਡਰੂਮ ਫਿਨੀਸ਼ਡ ਬੇਸਮੇਂਟ,3 ਕਾਰ ਪਾਰਕਿੰਗ। No ਕਾਰਪੇਟ। Eat-in ਕੀਚਨ with Granite ਕਾਊਂਟਰਟੋਪ। Family Rm with Fireplace, Stainless Steel Appliances. Spacious Living Rm & Bed Rms. Close to Hwy 403 , QEW , Hwy 407

NEW Listing in *BRAMPTON*
James Potter/Queen/Bonnie Brae
Approx. 3000-3500 sq.ft. ਡਿਟੈਚਡ ਹਾਊਸ, 5+2 ਬੈਡਰੂਮ+Office+ 5 ਵਾਸ਼ਰੂਮ, 2 ਬੈਡਰੂਮ ਫਿਨੀਸ਼ਡ Lookout ਬੇਸਮੇਂਟ,6 ਕਾਰ ਪਾਰਕਿੰਗ। No ਕਾਰਪੇਟ। Double Door Entry, ਕੀਚਨ with Granite ਕਾਊਂਟਰਟੋਪ। Oak staircase, ਮਾਸਟਰ ਬੈਡਰੂਮ with 5-ਪੀਸ ਇਨਸੂਇਟ, All Bdrms connected to Wash Rms.

Listed in *BRAMPTON*
Bovaird/Mclaughlin/Fletchers Creek
2000 sq.ft. ਸੈਮੀ-ਡਿਟੈਚਡ ਹਾਊਸ 4+1 ਬੈਡਰੂਮ + 4 ਵਾਸ਼ਰੂਮ, 1 ਬੈਡਰੂਮ ਫਿਨੀਸ਼ਡ ਬੇਸਮੇਂਟ with separate entrance. Double door entry, ਮਾਸਟਰ ਬੈਡਰੂਮ with 5-ਪੀਸ ਇਨਸੂਇਟ, Walk-in ਕਲੋਜ਼ਿਟ, Laundary on 2nd ਫਲੋਰ ਅਤੇ ਬੇਸਮੇਂਟ। Newly ਅਪਗਰੇਡਿਡ।

NEW Listing in *BRAMPTON*
Hwy 10/Sandalwood/Braidwood
50 ਫੁੱਟ ਦਾ ਡਿਟੈਚਡ ਹਾਊਸ Approx. 2500sq.ft. 4 ਬੈਡਰੂਮ + 3 ਵਾਸ਼ਰੂਮ, $70K ਦੇ ਅਪਗਰੇਡ, ਮਾਸਟਰ ਬੈਡਰੂਮ with 4-ਪੀਸ ਇਨਸੂਇਟ ਅਤੇ Walk-in ਕਲੋਜ਼ਿਟ, No ਕਾਰਪੇਟ, 6 ਪਾਰਕਿੰਗ, Quartz ਕਾਊਂਟਰਟੋਪ, 64"Built-in Fridge, Extra furnance, Heated Garage, Sec camera, storage in backyard.

NEW Listing in *BRAMPTON*
Chinguacousy/Williams Pkwy/Bovaird
ਡਿਟੈਚਡ ਹਾਊਸ Approx. 2000sq.ft., 4+1 ਬੈਡਰੂਮ +4 ਵਾਸ਼ਰੂਮ, ਫਿਨੀਸ਼ਡ ਬੇਸਮੇਂਟ with 1 ਬੈਡ+Rec Rm+4pc ਵਾਸ਼ਰੂਮ, ਡਬਲ-ਡੋਰ entrance, ਮਾਸਟਰ ਬੈਡਰੂਮ with 5-ਪੀਸ ਇਨਸੂਇਟ ਅਤੇ Walk-in ਕਲੋਜ਼ਿਟ, Electric Fireplace, Extended concreted ਡਰਾਈਵੇਅ, storage in backyard, pond & more.

Listed in *MISSISSAUGA*
Burnhamthorpe/Confederation
900-999 sq.ft. ਲੇਕ ਵੀਊ, 2 ਬੈਡਰੂਮ + 1 ਵਾਸ਼ਰੂਮ ਵੱਡੀਆਂ ਕੀਚਨ ਕੇਬਨਿਟ, ਨਵਾਂ ਪੈਂਟ, ਨਵੇਂ ਲੈਂਮੀਨੇਟ ਫਲੋਰ, Huge ਬਾਲਕੋਨੀ, 2 ਪਾਰਕਿੰਗ (ਲਿਫਟ ਦੇ ਬਿਲੱਕੁਲ ਨੇੜੇ), ਸਾਰੀਆਂ ਸਹੂਲਤਾਂ ਦੇ ਕੋਲ- Square One, Celebration Square, Grand Park Plaza, Sheridan College, YMCA & much more.

FREE
- Full MLS Services
- Consistently Marketing Your Property Until SOLD
- Competitive Rates, Exceptional Service & Award Winning Results
- Staging Consultation
- Billboard, Flyer, Newspaper
- Online Promotion
- Professional Pictures and Virtual Tour
- Social media & Radio Advertisement
- Open House Until Sold

RE/MAX Realty Specialists Inc. Brokerage (Independently Owned and Operated)
Off: 905-456-3232
*(Based on units sold & commissions)* *Some Conditions Apply
*Seller* & Jag Aujla Broker of Remax Realty Specialist Inc. must agree on the terms & conditions, closing date and listing price at the time of listing. Guaranteed Program only for Peel Region Homes Under $1 Million Price
Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
SEPTEMBER 2022

PURBA APPRAISALS INC.

WE PROVIDE RESIDENTIAL REAL ESTATE APPRAISAL SERVICES FOR:



- Mortgage Financing
- Tax/Capital Gain
- Divorce/Separation of Assets
- Litigation Support
- Pre-listing Appraisals

Gurpreet Purba
Broker, CRA
416-669-1423
www.purbahomes.com